## ਦਫਤਰ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।

## ਸਪੀਕਿੰਗ ਆਰਡਰ

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਅਨੁਸਾਰ ਇਸ ਦਫਤਰ ਦੇ ਪੱਤਰ ਨੰ: 2383-382/ਈ-1(3) ਮਿਤੀ ●3.●1.2●18 ਰਾਹੀਂ ਐਸ.ਆਈ. ਰੈਂਕ ਵਿੱਚ 3587 ਕਰਮਚਾਰੀਆਂ ਦੀ ਸੀਨੀਆਰਤਾ ਮਿਤੀ 2●.●2.2●●8 ਤੱਕ ਜਾਰੀ ਕੀਤੀ ਗਈ ਸੀ। ਇਸ ਉਪਰੰਤ ਇਸ ਦੰ ਤਰ ਦੇ ਪੱਤਰ ਨੰ: 5●5-6●4/ਈ-1(3) ਮਿਤੀ ●5.●1.2●18 ਰਾਹੀਂ ਇਸ ਵਿੱਚੋਂ 1678 ਐਸ.ਆਈਜ਼ ਜੋ ਮਿਤੀ 2●.●2.2●●8 ਨੂੰ ਐਸ.ਆਈ. ਰੈਂਕ ਵਿੱਚ ਸਰਵਿੰਗ ਸਨ ਦੀ ਸੂਚੀ ਸਮੂਹ ਦਫ਼ਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਗਈ ਸੀ ਕਿ ਨਿਰਧਾਰਿਤ ਪ੍ਰੋਫਾਰਮੇ ਵਿੱਚ ਇਹਨਾਂ ਕਰਮਚਾਰੀਆਂ ਦੀ ਆਪਸ਼ਨ ਲੈ ਕੇ ਭੇਜੀ ਜਾਵੇ ਤਾਂ ਜੋ ਮਿਤੀ 2●.●2.2●●8 ਤੋਂ ਬਾਅਦ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਸੀਨੀਆਰਤਾ ਵੱਖ-ਵੱਖ ਤਿਆਰ ਕੀਤੀ ਜਾ ਸਕੇ। ਇਸ ਪ੍ਰਕਿਰਿਆ ਦੌਰਾਨ ਮਾਨਯੋਗ ਹਾਈਕੋਰਟ ਵਿੱਚ ਕੁਝ ਕਰਮਚਾਰੀਆਂ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 69●1/2●18 ਦਾਇਰ ਕੀਤੀ ਗਈ ਸੀ। ਜਿਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਇਸ ਦੰ ਤਰ ਵੱਲੋਂ ਜਾਰੀ ਪੱਤਰ ਮਿਤੀ 13.●3.2●18 ਤੇ ਰੋਕ ਲਗਾ ਦਿੱਤੀ ਗਈ ਸੀ। ਮਾਨਯੋਗ ਹਾਈਕੋਰਟ ਦੇ ਮਿਤੀ 22.●5.2●18 ਦੇ ਹੁਕਮਾਂ ਅਨੁਸਾਰ ਇਸ ਦੰ ਤਰ ਵੱਲੋਂ ਮਿਤੀ 28.●5.2●18 ਨੂੰ ਐਫੀਡੇਵਿਟ ਫਾਈਲ ਕੀਤਾ ਗਿਆ। ਇਸ ਦੰ ਤਰ ਵੱਲੋਂ ਐਫੀਡੇਵਿਟ ਨੂੰ ਰਿਕਾਰਡ ਵਿੱਚ ਲਿਆ ਕੇ ਮਾਨਯੋਗ ਹਾਈਕੋਰਟ ਵੱਲੋਂ ਇਸ ਦੰ ਤਰ ਵੱਲੋਂ ਦਿੱਤੇ ਗਏ ਹਲਫੀਆ ਬਿਆਨ ਨੂੰ ਮੰਨਦੇ ਹੋਏ ਮਿਤੀ 29.●5.2●18 ਨੂੰ ਹੁਕਮ ਪਾਸ ਕੀਤੇ ਹਨ ਕਿ ਮਿਤੀ 2●.●2.2●●8 ਤੋਂ ਵੰਡ ਕਰਨ ਤੋਂ ਪਹਿਲਾਂ ਸਮੂਹ ਕਰਮਚਾਰੀਆਂ ਤੋਂ ਵੰਡ ਸਬੰਧੀ ਆਪਸ਼ਨ ਮੰਗੀ ਜਾਵੇ ਅਤੇ ਇਹ ਵੀ ਹੁਕਮ ਪਾਸ ਕੀਤੇ ਹਨ ਕਿ ਇਹਨਾਂ ਕਰਮਚਾਰੀਆਂ ਨੂੰ ਆਪਸ਼ਨ ਦੇਣ ਲਈ 21 ਦਿਨਾਂ ਦਾ ਸਮਾਂ ਦਿੱਤਾ ਜਾਵੇ ਅਤੇ ਆਪਸ਼ਨ ਸਬੰਧੀ ਅਖ਼ਬਾਰਾਂ ਵਿੱਚ ਵੀ ਇੱਕ ਜਨਤਕ ਨੋਟਿਸ ਜਾਰੀ ਕੀਤਾ ਜਾਵੇ।

2. ਮਾਨਯੋਗ ਹਾਈਕੋਰਟ ਵੱਲੋਂ CM-7302-CWP-2018 and CM-7507-CWP-2018 in/and CWP-21095-2016 (O&M) ਦਾਇਰ ਵੱਲੋਂ ਇੰਸਪੈਕਟਰ ਸੁਖਵਿੰਦਰ ਸਿੰਘ ਅਤੇ ਹੋਰ ਵਿੱਚ ਮਿਤੀ 29.●5.2●18 ਨੂੰ ਹੇਠ ਦਰਜ ਹੁਕਮ ਪਾਸ ਕੀਤੇ ਗਏ ਹਨ:-

"In pursuance to the order dated 22.05.2018, an affidavit dated 28.05.2018 of Sh. Gaurav Garg, IPS, Assistant Inspector General of Police, Personnel-III, Punjab has been filed today in the Court and the same is taken on record as Mark 'A'.

As per the affidavit, the State has decided to reconsider the matter and afford another chance to exercise option to all concerned before bifurcating the seniority list into two cadres as per joint seniority. A notice inviting options for the cadre of PAP or District cadre will be given which is stated to be 10 days but at the asking of the Court, the State has agreed to allow 21 days to exercise the options and submit the same to the competent authority within 21 days. To ensure justice to all the stake holders, the same shall be invited by a public notice to be issued in the newspaper having wide circulation in the State of Punjab indicating the entire schedule of exercising the options. The options so received shall be uploaded on the website of the Punjab Police Department with clear indication of last date for exercising the options. To ensure that it reaches to all the concerned, the concerned Senior Superintendents of Police will also be informed of the action taken and accordingly, the seniority list will be framed.

Post again on 27.08.2018.

The State shall complete the exercise as reflected in the affidavit (Mark-A).

Reply by the remaining respondents be filed in the meantime.

The promotion, if any made shall be subject to the outcome of the present case.

**CM-7302-CWP-2018**

The stay order dated 08.11.2016 is hereby vacated. However, it is ordered that five posts of Deputy Superintendent shall be kept reserved.

CM stands disposed of accordingly."

3. ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਇਸ ਦਫਤਰ ਦੇ ਪੱਤਰ ਨੰ: 67●7-48/ਈ-1(3) ਮਿਤੀ ●4.●6.2●18 ਰਾਹੀਂ 1675 ਸਰਵਿੰਗ ਐਸ.ਆਈਜ਼ ਦੀ ਲਿਸਟ ਪੰਜਾਬ ਪੁਲਿਸ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ ਅਤੇ ਸਮੂਹ ਦਫਤਰਾਂ ਨੂੰ ਲਿਖਿਆ ਗਿਆ ਸੀ ਕਿ ਇਸ ਲਿਸਟ ਵਿੱਚ ਦਰਜ ਉਹਨਾਂ ਦੇ ਅਧੀਨ ਤਾਇਨਾਤ ਕਰਮਚਾਰੀਆਂ ਤੋਂ ਨਿਰਧਾਰਿਤ ਪ੍ਰੋਫਾਰਮੇ ਵਿੱਚ ਦੁਬਾਰਾ ਨਵੇਂ ਸਿਰੇ ਤੋਂ ਆਪਸ਼ਨ ਲੈ ਕੇ 21 ਦਿਨਾਂ (ਮਿਤੀ 25.●6.2●18 ਤੱਕ) ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਭੇਜੀ ਜਾਵੇ ਤਾਂ ਜੋ ਇਹਨਾਂ ਦੀ ਆਪਸ਼ਨ ਅਨੁਸਾਰ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਮਿਤੀ 2●.●2.2●●8 ਤੋਂ ਬਾਅਦ ਵੱਖਰੀ ਸੀਨੀਅਰਤਾ ਸੂਚੀਆਂ ਤਿਆਰ ਕੀਤੀਆਂ ਜਾ ਸਕਣ। ਆਪਸ਼ਨ ਪ੍ਰਾਪਤ ਹੋਣ ਤੇ ਇਸ ਦਫ਼ਤਰ ਦੇ ਪੱਤਰ ਨੰ: 9152-66/ਈ-1(3) ਮਿਤੀ 26.●7.2●18 ਰਾਹੀਂ ਵੰਡ ਕਰਨ ਉਪਰੰਤ ਜ਼ਿਲ੍ਹਾ ਕੇਡਰ ਦੇ 1●44 ਅਤੇ ਆਰਮਡ ਕੇਡਰ ਦੇ 632 ਐਸ.ਆਈ. ਰੈਂਕ ਦੇ ਕਰਮਚਾਰੀਆਂ ਦੀਆਂ ਸੂਚੀਆਂ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਅਪਲੋਡ ਕਰਕੇ ਇਤਰਾਜ਼ ਮੰਗੇ ਗਏ ਸਨ।

4. ਉਪਰੋਕਤ ਜਾਰੀ ਕੀਤੀਆਂ ਸੂਚੀਆਂ ਵਿਰੁੱਧ 32 ਕਰਮਚਾਰੀਆਂ ਵੱਲੋਂ ਇਤਰਾਜ਼ ਪ੍ਰਾਪਤ ਹੋਏ ਹਨ, ਜਿਹਨਾਂ ਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਗਿਆ ਹੈ:-

1. **ਇਤਰਾਜ ਵੱਲੋਂ ਇੰਸ: ਮਨਜੀਤ ਸਿੰਘ ਨੰ: 142●/ਪੀ.ਏ.ਪੀ :** ਕਰਮਚਾਰੀ ਵੱਲੋਂ ਲਿਖਿਆ ਗਿਆ ਹੈ ਕਿ ਉਸਦਾ ਨਾਮ ਆਰਮਡ ਕੇਡਰ ਦੀ ਐਸ.ਆਈ. ਲਿਸਟ ਵਿੱਚ ਲੜੀ ਨੰ: 288 ਤੇ ਹੈ ਅਤੇ ਉਸਦਾ ਸੀਨੀਆਰਤਾ ਨੰ: 2746 ਹੈ। ਉਸਨੇ

ਮਿਤੀ 07.06.2018 ਨੂੰ ਜ਼ਿਲ੍ਹਾ ਪੁਲਿਸ ਕੇਡਰ ਦੀ ਸੀਨੀਆਰਤਾ ਲੈਣ ਸਬੰਧੀ ਆਪਸ਼ਨ ਦਿੱਤੀ ਸੀ, ਪ੍ਰੰਤੂ ਉਸਦਾ ਨਾਮ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਗਿਆ ਹੈ।

ਇਸ ਕਰਮਚਾਰੀ ਵੱਲੋਂ ਮਿਤੀ 07.06.2018 ਨੂੰ ਜ਼ਿਲ੍ਹਾ ਕੇਡਰ ਦੀ ਆਪਸ਼ਨ ਦਿੱਤੀ ਗਈ ਸੀ। ਇਸ ਕਰਮਚਾਰੀ ਦਾ ਨਾਮ ਜਿਲ੍ਹਾ ਪੁਲਿਸ ਕੇਡਰ ਦੀ ਸੀਨੀਆਰਤਾ ਵਿੱਚ ਸ਼ਾਮਲ ਕਰ ਲਿਆ ਗਿਆ ਹੈ।

2. **ਇਤਰਾਜ ਵੱਲੋਂ ਇੰਸ: ਬੇਅੰਤ ਸਿੰਘ ਨੰ: 1423/ਪੀ.ਏ.ਪੀ** : ਕਰਮਚਾਰੀ ਵੱਲੋਂ ਲਿਖਿਆ ਗਿਆ ਹੈ ਕਿ ਉਸਨੇ ਆਰਮਡ ਕੇਡਰ ਦੀ ਸੀਨੀਆਰਤਾ ਲਈ ਆਪਸ਼ਨ ਦਿੱਤੀ ਸੀ। ਉਸ ਸਮੇਂ ਉਸਨੂੰ ਜ਼ਿਲ੍ਹਾ ਪੁਲਿਸ ਅਤੇ ਆਰਮਡ ਕੇਡਰ ਦੀਆਂ ਅਸਾਮੀਆਂ ਸਬੰਧੀ ਜਾਣਕਾਰੀ ਨਹੀਂ ਸੀ ਕਿਉਂਕਿ ਇਹ ਜਾਣਕਾਰੀ ਵੈਬਸਾਈਟ ਤੇ ਅਪਲੋਡ ਨਹੀਂ ਕੀਤੀ ਗਈ ਹੈ। ਉਸਨੇ ਬੇਨਤੀ ਕੀਤੀ ਹੈ ਕਿ ਉਸਨੂੰ ਜ਼ਿਲ੍ਹਾ ਕੇਡਰ ਦੀ ਸੀਨੀਆਰਤਾ ਦਿੱਤੀ ਜਾਵੇ।

ਇਸ ਕਰਮਚਾਰੀ ਵੱਲੋਂ ਮਿਤੀ 25.06.2018 ਨੂੰ ਆਰਮਡ ਕੇਡਰ ਦੀ ਸੀਨੀਆਰਤਾ ਲੈਂਣ ਸਬੰਧੀ ਆਪਸ਼ਨ ਦਿੱਤੀ ਗਈ ਸੀ ਇਸ ਲਈ ਇਸਨੂੰ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਦੰ ਤਰ ਵੱਲੋਂ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਕਰਮਚਾਰੀ ਵੱਲੋਂ ਦਿੱਤੀ ਗਈ ਆਪਸ਼ਨ ਅੰਤਿਮ ਹੋਵੇਗੀ। ਕਰਮਚਾਰੀ ਦਾ ਕਲੇਮ ਦਾਖ਼ਲ ਦਫ਼ਤਰ ਕੀਤਾ ਜਾਂਦਾ ਹੈ।

3. **ਇਤਰਾਜ ਵੱਲੋਂ ਇੰਸ: ਸੰਜੀਵ ਕੁਮਾਰ ਨੰ: 55/ਜੇ.ਆਰ, ਇੰਸ: ਸੰਜੀਵ ਕੁਮਾਰ ਨੰ: 338/ਬੀ.ਆਰ, ਇੰਸ: ਸੁਖਬੀਰ ਸਿੰਘ ਨੰ: 103/ਪੀ.ਆਰ, ਇੰਸ: ਸੁਖਵਿੰਦਰ ਸਿੰਘ ਨੰ: 114/ਪੀ.ਆਰ, ਇੰਸ: ਨਛੱਤਰ ਸਿੰਘ ਨੰ: 312/ਜੇ.ਆਰ, ਇੰਸ: ਵਿਜੇ ਕੰਵਰ ਪਾਲ ਨੰ: 443/ਜੇ.ਆਰ, ਇੰਸ: ਜੀਤ ਸਿੰਘ ਨੰ: 56/ਐਫ.ਡੀ.ਆਰ, ਇੰਸ: ਇੰਦਰਪਾਲ ਸਿੰਘ ਨੰ: 295/ਜੇ.ਆਰ, ਇੰਸ: ਸੁਭਾਸ ਚੰਦਰ ਨੰ: 193/ਜੇ, ਇੰਸ: ਜਰਨੈਲ ਸਿੰਘ ਨੰ: 359/ਪੀ.ਆਰ, ਇੰਸ: ਰਾਜਬੀਰ ਸਿੰਘ ਨੰ: 7/ਐਫ.ਡੀ.ਆਰ, ਇੰਸ: ਹਰਸਿਮਰਨ ਸਿੰਘ ਨੰ: 69/ਜੇ.ਆਰ, ਇੰਸ: ਦਲਜੀਤ ਸਿੰਘ ਨੰ: 312/ਪੀ.ਆਰ, ਇੰਸ: ਕਮਲਜੀਤ ਸਿੰਘ ਨੰ: 57/ਐਫ.ਡੀ.ਆਰ, ਇੰਸ: ਰਾਜਿੰਦਰ ਸਿੰਘ ਨੰ: 262/ਬੀ.ਆਰ, ਇੰਸ: ਭਾਰਤ ਭੂਸਣ ਨੰ: 270/ਬੀ.ਆਰ**

**ੳ)** ਉਹਨਾਂ ਤੋਂ ਜੂਨੀਅਰ ਕਰਮਚਾਰੀ, ਜੋ ਡੀ.ਐਸ.ਪੀ ਰੈਗੂਲਰ/ਸੀ ਐਂਡ ਆਰ ਤਰੱਕੀਯਾਬ ਹਨ, ਨੂੰ ਵੰਡ ਤੋਂ ਪਹਿਲਾਂ ਰਿਵਰਟ ਨਹੀਂ ਕੀਤਾ ਗਿਆ ਹੈ, ਜਿਹਨਾਂ ਨੂੰ ਤੁਰੰਤ ਰਿਵਰਟ ਕੀਤਾ ਜਾਵੇ ਜਾਂ ਪ੍ਰਤੀਬੇਨਤੀਕਰਤਾਂਵਾਂ ਨੂੰ ਬਣਦੇ ਲਾਭ ਦਿੱਤੇ ਜਾਣ।

ਇਸ ਸਬੰਧੀ ਫੈਸਲਾ ਸੀਨੀਆਰਤਾ ਅਪ-ਟੂ-ਡੇਟ ਹੋਣ ਤੋ ਬਾਅਦ ਹੀ ਲਿਆ ਜਾ ਸਕਦਾ ਹੈ।

**ਅ)** ਮਾਨਯੋਗ ਹਾਈਕੋਰਟ ਵੱਲੋਂ ਰਿੱਟ ਪਟੀਸ਼ਨ ਨੰ: 21095/2018 ਵਿੱਚ ਪਾਸ ਕੀਤੇ ਹੁਕਮ ਮਿਤੀ 29.05.2018 ਅਨੁਸਾਰ ਜ਼ਿਲ੍ਹਾ ਅਤੇ ਆਰਮਡ ਕੇਡਰ ਦੀ ਵੰਡ ਸਬੰਧੀ ਮਿਤੀ 25.06.2018 ਤੱਕ ਪ੍ਰਾਪਤ ਆਪਸ਼ਨਾਂ ਨੂੰ ਵੈਬਸਾਈਟ ਤੇ ਪਾਇਆ ਜਾਣਾ ਸੀ ਜੋ ਕਿ ਨਹੀਂ ਪਾਈਆਂ ਗਈਆਂ।

ਇਸ ਦੰ ਤਰ ਦੇ ਪੱਤਰ ਨੰ: 9152-66/ਈ-1(3) ਮਿਤੀ 26.07.2018 ਰਾਹੀਂ ਜ਼ਿਲ੍ਹਾ ਅਤੇ ਆਰਮਡ ਕੇਡਰ ਦੀ ਵੰਡ ਸਬੰਧੀ ਜਾਰੀ ਲਿਸਟਾਂ, ਜੋ ਕਿ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਪਾਈਆਂ ਗਈਆਂ ਸਨ, ਵਿੱਚ ਹਰ ਕਰਮਚਾਰੀ ਵੱਲੋਂ ਦਿੱਤੀ ਗਈ ਆਪਸ਼ਨ ਦਰਸਾਈ ਗਈ ਹੈ। ਜਿਹਨਾਂ ਕਰਮਚਾਰੀਆਂ ਵੱਲੋਂ ਆਪਸ਼ਨ ਨਹੀਂ ਦਿੱਤੀ ਗਈ, ਉਹਨਾਂ ਨੂੰ ਪ੍ਰਬੰਧਕੀ ਆਧਾਰ ਤੇ ਕੇਡਰ ਦੀ ਅਲਾਟਮੈਂਟ ਕੀਤੀ ਗਈ ਹੈ।

**ੲ)** ਆਰਮਡ ਕੇਡਰ ਦੇ 295 (ਕੇਡਰ ਪੋਸਟ) ਅਤੇ ਜ਼ਿਲ੍ਹਾ ਕੇਡਰ ਦੇ 207 (ਡਾਇੰਗ ਕੇਡਰ) ਖਿਡਾਰੀ ਕਰਮਚਾਰੀਆਂ ਸਬੰਧੀ ਕੋਈ ਫੈਸਲਾ ਕੀਤੇ ਬਗੈਰ ਹੀ 10 ਕਰਮਚਾਰੀਆਂ ਨੂੰ ਇੰਸਪੈਕਟਰ ਦੀ ਸੀਨੀਆਰਤਾ ਸੂਚੀ ਵਿੱਚ ਬਤੌਰ ਇੰਸਪੈਕਟਰ ਸ਼ਾਮਲ ਕੀਤਾ ਗਿਆ ਹੈ। ਸੀ.ਡਬਲਯੂ.ਪੀ ਨੰ: 4986/2012 ਵਿੱਚ ਅਜੇ ਤੱਕ ਮਹਿਕਮੇ ਵੱਲੋਂ ਜਵਾਬ ਦਾਖ਼ਲ ਨਹੀਂ ਕੀਤਾ ਗਿਆ ਅਤੇ ਇਸ ਰਿੱਟ ਦੇ ਫੈਸਲੇ ਤੱਕ ਖਿਡਾਰੀ ਕਰਮਚਾਰੀਆਂ ਨੂੰ ਕੋਈ ਵੀ ਤਰੱਕੀ ਨਾ ਦਿੱਤੀ ਜਾਵੇ।

ਜ਼ਿਲ੍ਹਾ ਕੇਡਰ ਦੇ 207 ਕਰਮਚਾਰੀਆਂ ਸਬੰਧੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਪੱਤਰ ਨੰਬਰ 1/40/2011-2ਗ1/1990 ਮਿਤੀ 18.05.2011 ਰਾਹੀਂ ਜ਼ਿਲ੍ਹਾ ਪੁਲਿਸ ਕੇਡਰ ਦੇ ਖਿਡਾਰੀ ਕਰਮਚਾਰੀਆਂ, ਜੋ 10% ਸੀ-2 ਕੋਟੇ ਤੋਂ ਵੱਧ ਤਰੱਕੀਯਾਬ ਸਨ ਨੂੰ ਐਡਜਸਟ ਕਰਨ ਲਈ ਮੌਜੂਦਾ ਮੰਨਜੂਰ-ਸ਼ੁਦਾ ਅਸਾਮੀਆਂ ਤੋਂ ਵਾਧੂ ਨਵੀਆਂ 207 ਅਸਾਮੀਆਂ ਇਹਨਾਂ ਕਰਮਚਾਰੀਆਂ ਦੀਆਂ ਪੁਲਿਸ ਵਿਭਾਗ ਵਿੱਚ ਨਿਯੁਕਤੀ ਦੀਆਂ ਮਿਤੀਆਂ ਤੋਂ

ਰਚਨਾ ਕਰਨ ਦੀ ਮੰਨਜ਼ੂਰੀ ਦਿੱਤੀ ਸੀ। ਸਰਕਾਰ ਵੱਲੋਂ ਪੱਤਰ ਨੰਬਰ 1/40/2011-2ਗ1/2280 ਮਿਤੀ 09.06.2011 ਰਾਹੀਂ ਸਪੱਸ਼ਟ ਕੀਤਾ ਗਿਆ ਸੀ ਕਿ ਇਹਨਾਂ ਕਰਮਚਾਰੀਆਂ/ਅਧਿਕਾਰੀਆਂ ਨੂੰ ਨਿਚਲੇ ਕਿਸੇ ਕੇਡਰ ਵਿੱਚ ਸੀਨੀਆਰਤਾ ਲਿਸਟ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਬਣਦਾ, ਸਗੋਂ ਜਦੋਂ ਉਹ ਰੈਗੂਲਰ ਤੌਰ ਤੇ ਡੀ.ਐਸ.ਪੀ./ਐਸ.ਪੀ. ਦੀ ਅਸਾਮੀ ਤੇ ਤਰੱਕੀਯਾਬ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਸੀਨੀਆਰਤਾ ਵਿੱਚ ਦਰਸਾਉਣਾ ਯੋਗ ਹੈ। ਪੰਜਾਬ ਸਰਕਾਰ ਵੱਲੋਂ ਪੱਤਰ ਮਿਤੀ 05.12.2003 ਨੂੰ 431 ਆਰਜ਼ੀ ਪੋਸਟਾਂ (ਡਿਮਨਿਸ਼ਿੰਗ ਕੇਡਰ) ਦੀ ਰਚਨਾ ਪੀ.ਏ.ਪੀ. ਦੇ ਸਪੋਰਟਸਮੈਨ ਲਈ ਰਚੀਆਂ ਗਈਆਂ ਸੀ। ਸਰਕਾਰ ਵੱਲੋਂ ਸਾਲ 2006 ਵਿੱਚ ਹੁਕਮ ਮਿਤੀ 28.12.2006 ਰਾਹੀਂ ਪਹਿਲਾਂ ਜਾਰੀ ਮਿਤੀ 05.12.2003 ਦੇ ਹੁਕਮ ਵਾਪਿਸ ਲੈ ਲਏ ਗਏ ਸਨ ਅਤੇ 295 ਆਰਜ਼ੀ ਅਸਾਮੀਆਂ ਸਪੋਰਟਸ ਦੇ ਕਰਮਚਾਰੀਆਂ ਲਈ ਮਿਤੀ 05.12.2003 ਤੋਂ ਰਚੀਆਂ ਗਈਆਂ ਅਤੇ ਇਹ ਹੁਕਮ ਪਾਸ ਕੀਤੇ ਗਏ ਕਿ ਇਹਨਾਂ ਕਰਮਚਾਰੀਆਂ ਦੀ ਸੀਨੀਆਰਤਾ ਮਿਤੀ 05.12.03 ਤੋਂ ਸਬੰਧਤ ਕੇਡਰ ਵਿੱਚ ਫਿਕਸ ਕੀਤੀ ਜਾਵੇ। ਜਿਸ ਕਰਕੇ ਇਹਨਾਂ ਕਰਮਚਾਰੀਆਂ ਨੂੰ ਮਿਤੀ 05.12.03 ਤੋਂ ਸੀਨੀਆਰਤਾ ਅਨੁਸਾਰ ਅਡਜਸਟ ਕੀਤਾ ਗਿਆ ਹੈ। ਏ.ਡੀ.ਜੀ.ਪੀ/ਆਰਮਡ ਬਨਜ਼ ਵੱਲੋਂ ਆਪਣੇ ਪੱਤਰ ਮਿਤੀ 17.10.2014 ਰਾਹੀਂ ਉਹਨਾਂ ਦੇ ਦੰ ਤਰ ਵਿੱਚ ਤਾਇਨਾਤ ਖਿਡਾਰੀ ਕਰਮਚਾਰੀਆਂ ਵੱਲੋਂ ਦਿੱਤੀ ਪ੍ਰਤੀਬੇਨਤੀ ਜੋ ਪ੍ਰਿੰਸੀਪਲ ਸਕੱਤਰ ਨੂੰ ਸੰਬੋਧਿਤ ਸੀ, ਆਪਣੀ ਟਿੱਪਣੀ ਸਮੇਤ ਇਸ ਦੰ ਤਰ ਨੂੰ ਭੇਜੀ ਸੀ, ਜਿਹੜੀ ਇਸ ਦੰ ਤਰ ਵੱਲੋਂ ਅਗਲੇਰੀ ਕਾਰਵਾਈ ਹਿੱਤ ਸਰਕਾਰ ਨੂੰ ਭੇਜ ਦਿੱਤੀ ਗਈ ਸੀ। ਸਰਕਾਰ ਵੱਲੋਂ ਆਪਣੇ ਹੁਕਮ ਮਿਤੀ 02.01.2017 ਰਾਹੀਂ ਸਪੋਰਟਸ ਪਰਸਨਜ਼ ਵਾਸਤੇ ਰਚੀਆਂ ਗਈਆਂ 291 ਕੇਡਰ ਅਸਾਮੀਆਂ ਸਬੰਧੀ ਨੋਟੀਫਿਕੇਸ਼ਨ ਮਿਤੀ 28.12.2006 ਅਤੇ 17.12.2010 ਵਿੱਚ ਅੰਸ਼ਿਕ ਸੋਧ ਕਰਕੇ 21 ਏ.ਐਸ.ਆਈ. ਦੀਆਂ ਅਸਾਮੀਆਂ ਦੀ ਬਜਾਏ 10 ਇੰਸਪੈਕਟਰ ਦੀਆਂ ਅਤੇ 11 ਐਸ.ਆਈ. ਰੈਂਕ ਦੀਆਂ ਅਸਾਮੀਆਂ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਨੋਟੀਫਿਕੇਸ਼ਨ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਕਰਮਚਾਰੀਆਂ ਦੀ ਸੀਨੀਆਰਤਾ ਪਹਿਲਾਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਮਿਤੀ 05.12.2003 ਅਨੁਸਾਰ ਹੀ ਹੋਵੇਗੀ। ਇਥੇ ਇਹ ਵੀ ਜਿਕਰ ਯੋਗ ਹੈ ਕਿ ਸਿਵਲ ਰਿੱਟ ਪਟੀਸ਼ਨ ਨੰਬਰ 4986/2012 ਦਾਇਰ ਵੱਲੋ ਵਿਨੋਦ ਕੁਮਾਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਸਰਕਾਰ ਵੱਲੋ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਚੈਲੇਂਜ ਕੀਤਾ ਹੋਇਆ ਹੈ।

4. **ਇਤਰਾਜ ਵੱਲੋਂ ਇੰਸ: ਨਛੱਤਰ ਸਿੰਘ ਨੰ: 312/ਜੇ.ਆਰ, ਇੰਸ: ਵਿਜੇ ਕੰਵਰ ਪਾਲ ਨੰ: 443/ਜੇ.ਆਰ, ਇੰਸ: ਜੀਤ ਸਿੰਘ ਨੰ: 56/ਐਫ.ਡੀ.ਆਰ, ਇੰਸ: ਦਲਜੀਤ ਸਿੰਘ, 408/ਜੇ.ਆਰ, ਇੰਸ: ਗੁਰਪ੍ਰੀਤ ਸਿੰਘ, 195/ਜੇ.ਆਰ, ਇੰਸ: ਸੁਖਵਿੰਦਰ ਸਿੰਘ, 230/ਜੇ.ਆਰ, ਇੰਸ: ਤਰਲੋਚਨ ਸਿੰਘ ਨੰ: 251/ਪੀ.ਆਰ**

ੳ) ਪੰਜਾਬ ਪੁਲਿਸ ਐਕਟ ਦੀ ਧਾਰਾ-80 ਤਹਿਤ ਪੁਲਿਸ ਐਕਟ ਸਬੰਧੀ ਨਵੇਂ ਰੂਲ ਬਣਾਏ ਜਾਣੇ ਜ਼ਰੂਰੀ ਹਨ, ਜੋ ਅਜੇ ਤੱਕ ਨਹੀਂ ਬਣਾਏ ਗਏ। ਨਵੇਂ ਰੂਲ ਬਣਨ ਦੀ ਮਿਤੀ ਤੱਕ ਪੰਜਾਬ ਪੁਲਿਸ ਐਕਟ ਦੀ ਧਾਰਾ-85 ਤਹਿਤ ਪੁਰਾਣੇ ਪੰਜਾਬ ਪੁਲਿਸ ਰੂਲ, 1934 ਦੇ ਹੀ ਰੂਲ ਲਾਗੂ ਹਨ ਜਿਸ ਕਰਕੇ ਕੇਡਰਾਂ ਦੀ ਵੰਡ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਸਾਂਝੀ ਸੀਨੀਆਰਤਾ ਲਿਸਟ ਹੀ ਤਿਆਰ ਕੀਤੀ ਜਾਵੇ।

ਪੰਜਾਬ ਪੁਲਿਸ ਐਕਟ, 2007 ਮਿਤੀ 20.02.2008 ਤੋਂ ਲਾਗੂ ਹੋਇਆ ਹੈ। ਜਿਸਦੀ ਧਾਰਾ 4(ਬੀ) ਅਨੁਸਾਰ ਪੰਜਾਬ ਪੁਲਿਸ ਦੇ 4 ਕੇਡਰ (ਜ਼ਿਲ੍ਹਾ ਪੁਲਿਸ ਕੇਡਰ, ਆਰਮਡ ਪੁਲਿਸ ਕੇਡਰ, ਇੰਟੈਲੀਜੈਂਸ ਅਤੇ ਟੈਕਨੀਕਲ ਅਤੇ ਸਪੋਰਟ ਸਰਵਿਸ ਕੇਡਰ) ਹਨ। ਇਸਤੋਂ ਪਹਿਲਾਂ ਪੰਜਾਬ ਪੁਲਿਸ ਰੂਲਜ਼, 1934 ਵਿੱਚ ਪੀ.ਏ.ਪੀ. ਕੋਈ ਵੱਖਰਾ ਕੇਡਰ ਨਹੀਂ ਸੀ। ਜਿਹਨਾਂ ਰੂਲਾਂ ਬਾਰੇ ਪੰਜਾਬ ਪੁਲਿਸ ਐਕਟ ਵਿੱਚ ਸੋਧ ਨਹੀਂ ਕੀਤੀ ਗਈ, ਪੁਲਿਸ ਐਕਟ, 2007 ਦੀ ਧਾਰਾ 85 ਅਨੁਸਾਰ ਜਦੋਂ ਤੱਕ ਨਵੇਂ ਰੂਲ ਨਹੀਂ ਬਣਦੇ, ਪੰਜਾਬ ਪੁਲਿਸ ਰੂਲਜ਼, 1934 ਲਾਗੂ ਰਹਿਣਗੇ। ਇਸਤੋਂ ਇਲਾਵਾ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਦੋਂ ਕੋਈ ਐਕਟ ਲਾਗੂ ਹੋ ਜਾਂਦਾ ਹੈ ਤਾਂ ਪੁਰਾਣੇ ਸਰਵਿਸ ਰੂਲ ਆਪਣੇ ਆਪ ਹੀ ਖਤਮ ਹੋ ਜਾਂਦੇ ਹਨ। ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 16.12.2014 ਵਿੱਚ ਦਰਸਾਇਆ ਹੈ ਕਿ ਪੰਜਾਬ ਪੁਲਿਸ ਰੂਲਜ਼, 1934 ਵਿੱਚ ਪੀ.ਏ.ਪੀ. ਕੋਈ ਵੱਖਰਾ ਕੇਡਰ ਨਹੀਂ ਹੈ। ਇਸ ਲਈ ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਤੋਂ ਪਹਿਲਾਂ ਜ਼ਿਲ੍ਹਾ ਅਤੇ ਪੀ.ਏ.ਪੀ. ਵਿੱਚ ਤਾਇਨਾਤ ਕਰਮਚਾਰੀਆਂ ਦੀਆਂ ਇੱਕ ਹੀ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਜਾਣ। ਸਿਵਲ ਰਿੱਟ ਪਟੀਸ਼ਨ ਨੰਬਰ 21095 ਵਿੱਚ ਪਟੀਸ਼ਨਰਜ ਵੱਲੋਂ ਸਾਲ-2016 ਵਿੱਚ ਤਿਆਰ ਕੀਤੀ ਸੀਨੀਆਰਤਾ ਨੂੰ ਚੈਲੇਂਜ ਕੀਤਾ ਹੈ। ਇਸ ਸਬੰਧੀ ਮਾਨਯੋਗ ਹਾਈ ਕੋਰਟ ਦੇ ਸਿਵਲ ਰਿੱਟ ਪਟੀਸ਼ਨ ਨੰਬਰ 21095 ਵਿੱਚ ਹੋਏ ਹੁਕਮਾਂ ਦੇ ਅਧਾਰ ਤੇ ਹੀ ਸਾਲ-2008 ਤੋ ਬਾਅਦ ਆਪਸ਼ਨ ਲੈ ਕੇ ਕਰਮਚਾਰੀਆਂ ਦੀ ਕੇਡਰ ਵਿੱਚ ਵੰਡ ਕੀਤੀ ਹੈ, ਜੋ ਕਿ ਬਿਲਕੁਲ ਸਹੀ ਹੈ।

**ਅ)** ਕੇਡਰਾਂ ਵਿੱਚ ਵੰਡ ਕਰਨ ਤੋਂ ਪਹਿਲਾਂ ਅਸਾਮੀਆਂ ਦਾ ਸਾਲ ਵਾਈਜ਼ ਵੇਰਵਾ, ਕਰਾਇਟੇਰੀਆ ਆਪਸ਼ਨ ਲੈਣ ਤੋਂ ਪਹਿਲਾਂ ਦੱਸਣਾ ਬਣਦਾ ਸੀ। ਆਪਸ਼ਨ ਲੈਣਾ ਕਿਸੇ ਕਾਨੂੰਨ ਅਨੁਸਾਰ ਨਹੀਂ ਹੈ।

ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 16.12.2014 ਅਨੁਸਾਰ ਮਿਤੀ 20.02.2008 ਤੋਂ ਬਾਅਦ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਵੱਖਰੀ ਸੀਨੀਆਰਤਾ ਤਿਆਰ ਕੀਤੀ ਜਾਣੀ ਸੀ। ਇਸ ਲਈ ਵੱਖਰੀ ਸੀਨੀਆਰਤਾ ਤਿਆਰ ਕਰਨ ਵਾਸਤੇ ਇਹਨਾਂ ਕਰਮਚਾਰੀਆਂ ਵੱਲੋਂ ਕੇਡਰ ਸਬੰਧੀ ਆਪਸ਼ਨ ਮੰਗੀ ਗਈ ਸੀ। ਇਸ ਦੰ ਤਰ ਵੱਲੋਂ ਮਿਤੀ 28.02.2018 ਨੂੰ ਸਿਵਲ ਰਿੱਟ ਪਟੀਸ਼ਨ ਨੰਬਰ 21095/2016 ਵਿੱਚ ਐਫੀਡੇਵਿਟ ਦਾਇਰ ਕੀਤਾ ਗਿਆ ਸੀ ਕਿ ਵੰਡ ਕਰਨ ਤੋਂ ਪਹਿਲਾਂ ਸਮੂਹ ਕਰਮਚਾਰੀਆਂ ਨੂੰ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਅਤੇ ਪੰਜਾਬ ਪੁਲਿਸ ਵੈਬਸਾਈਟ ਰਾਹੀਂ ਸੂਚਿਤ ਕੀਤਾ ਜਾਵੇਗਾ ਕਿ ਉਹ ਜ਼ਿਲ੍ਹਾ ਕੇਡਰ ਜਾਂ ਆਰਮਡ ਕੇਡਰ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ, ਬਾਰੇ ਸਪਸ਼ੱਟ ਤੌਰ ਤੇ ਆਪਸ਼ਨ ਦੇਣ ਅਤੇ ਆਪਸ਼ਨਾਂ ਦੇ ਅਨੁਸਾਰ ਆਰਮਡ ਕੇਡਰ ਅਤੇ ਜ਼ਿਲ੍ਹਾ ਕੇਡਰ ਦੀਆਂ ਮੁੱਖ ਸਿਪਾਹੀ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਵੱਖਰੀਆਂ-ਵੱਖਰੀਆਂ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਜਾਣਗੀਆਂ। ਇਸ ਸਬੰਧੀ ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 29.05.2018 ਰਾਹੀਂ ਹੁਕਮ ਦਿੱਤੇ ਸਨ ਕਿ ਕਰਮਚਾਰੀਆਂ ਨੂੰ ਆਪਣੀ ਆਪਸ਼ਨ ਦੇਣ ਸਬੰਧੀ 10 ਦਿਨ ਦੀ ਥਾਂ ਤੇ 21 ਦਿਨ ਦਾ ਸਮਾਂ ਦਿੱਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਸਬੰਧੀ ਸਮੂਹ ਕਰਮਚਾਰੀਆਂ ਨੂੰ ਨੋਟ ਕਰਵਾਇਆ ਜਾਵੇ। ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਕਰਮਚਾਰੀਆਂ ਦੀ ਕੇਡਰ ਵਿੱਚ ਵੰਡ ਕਰਨ ਤੋ ਪਹਿਲਾਂ ਸਮੂਹ ਰੇਂਜਾਂ/ਯੂਨਿਟਾਂ ਨੂੰ ਪੱਤਰ ਜਾਰੀ ਕੀਤੇ ਗਏ ਸਨ, ਜਿਸ ਵਿੱਚ ਵੰਡ ਸਬੰਧੀ ਕਰਾਈਟੇਰੀਆਂ ਸਪੱਸ਼ਟ ਕੀਤਾ ਗਿਆ ਸੀ ਅਤੇ ਇਹ ਵੀ ਲਿਖਿਆ ਗਿਆ ਸੀ ਕਿ ਵਕੈਂਸੀ ਦੇ ਅਧਾਰ ਤੇ ਕਰਮਚਾਰੀਆਂ ਨੂੰ ਪ੍ਰਸ਼ਾਸ਼ਕੀ ਤੌਰ ਤੇ ਦੂਸਰੇ ਕੇਡਰ ਵਿੱਚ ਬਦਲਿਆ ਜਾ ਸਕਦਾ ਹੈ। ਫਿਰ ਵੀ ਕਿਸੇ ਕਰਮਚਾਰੀ ਨੂੰ ਕਿਸੇ ਸੂਚਨਾ ਆਦਿ ਦੀ ਜ਼ਰੂਰਤ ਸੀ ਤਾਂ ਉਹ ਇਸ ਦੰ ਤਰ ਪਾਸੋਂ ਹਾਸਲ ਕਰ ਸਕਦਾ ਸੀ। ਕਰਮਚਾਰੀਆਂ ਵੱਲੋ ਕੀਤਾ ਗਿਆ ਇਤਰਾਜ਼ ਦਾਖਲ ਦਫਤਰ ਕੀਤਾ ਜਾਂਦਾ ਹੈ।

**ੲ)** ਪੰਜਾਬ ਪੁਲਿਸ ਐਕਟ ਦੀ ਧਾਰਾ 4 (ਬੀ) ਤਹਿਤ ਕਰਮਚਾਰੀਆਂ ਨੂੰ 4 ਕੇਡਰਾਂ ਵਿੱਚ ਵੰਡਣਾ ਦੱਸਿਆ ਗਿਆ ਹੈ। ਟੈਲੀਕਮਨੀਕੇਸ਼ਨ ਪਹਿਲਾਂ ਹੀ ਵੱਖ ਹੈ। ਹੁਣ ਕਰਮਚਾਰੀਆਂ ਨੂੰ 3 ਕੇਡਰ (ਜ਼ਿਲ੍ਹਾ, ਆਰਮਡ ਅਤੇ ਇੰਟੈਲੀਜੈਂਸ) ਵਿੱਚ ਵੰਡਣਾ ਚਾਹੀਦਾ ਹੈ, ਜਦੋਂਕਿ ਆਪਸ਼ਨਾਂ ਲੈ ਕੇ 2 ਕੇਡਰਾਂ (ਜ਼ਿਲ੍ਹਾ ਅਤੇ ਆਰਮਡ) ਵਿੱਚ ਵੰਡਿਆ ਜਾ ਰਿਹਾ ਹੈ।

ਪੰਜਾਬ ਪੁਲਿਸ ਐਕਟ ਹੋਂਦ ਵਿੱਚ ਆਉਣ ਤੋਂ ਪਹਿਲਾਂ ਜ਼ਿਲ੍ਹਾ ਪੁਲਿਸ ਅਤੇ ਪੀ.ਏ.ਪੀ. ਇੱਕ ਹੀ ਕੇਡਰ ਸਨ। ਇੰਟੈਲੀਜੈਂਸ ਵਿੰਗ ਦੀਆਂ ਮੰਨਜ਼ੂਰਸ਼ੁਦਾ ਅਸਾਮੀਆਂ ਜ਼ਿਲ੍ਹਾ ਪੁਲਿਸ ਅਤੇ ਪੀ.ਏ.ਪੀ. ਵਿੱਚੋ ਡੈਪੂਟੇਸ਼ਨ ਰਾਹੀਂ ਭਰੀਆਂ ਜਾਦੀਆਂ ਸਨ। ਸਿਵਲ ਰਿੱਟ ਪਟੀਸ਼ਨ ਨੰਬਰ 4829/2011 ਦਾਇਰ ਵੱਲੋ ਪ੍ਰਦੀਪ ਸਿੰਘ ਬਨਾਮ ਪੰਜਾਬ ਸਰਕਾਰ ਵਿੱਚ ਮਿਤੀ 16.12.2014 ਨੂੰ ਹੋਏ ਫੈਸਲੇ ਅਨੁਸਾਰ ਪੀ.ਏ.ਪੀ. ਅਤੇ ਜ਼ਿਲ੍ਹਾ ਕੇਡਰ ਦੀ ਸਾਂਝੀ ਸੀਨੀਆਰਤਾ 2008 ਤੱਕ ਤਿਆਰ ਕਰਨ ਦੇ ਹੁਕਮ ਦਿੱਤੇ ਹਨ, ਇਸ ਲਈ 20.02.2008 ਤੋਂ ਪਹਿਲਾਂ ਦੇ ਕਰਮਚਾਰੀਆਂ ਨੂੰ ਜ਼ਿਲ੍ਹਾ ਅਤੇ ਆਰਮਡ ਕੇਡਰ ਵਿੱਚ ਹੀ ਵੰਡਿਆ ਗਿਆ ਹੈ। ਵੰਡ ਕਰਨ ਉਪਰੰਤ ਵੀ ਇੰਟੈਲੀਜੈਂਸ ਦੀਆਂ ਅਸਾਮੀਆਂ ਨੂੰ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚੋਂ ਡੈਪੂਟੇਸ਼ਨ ਰਾਹੀਂ ਭਰਿਆ ਜਾ ਰਿਹਾ ਹੈ। ਇਸ ਲਈ ਕਰਮਚਾਰੀਆਂ ਵੱਲੋ ਦਿੱਤੀ ਗਈ ਦਲੀਲ ਦਾਖਲ ਦਫਤਰ ਕੀਤੀ ਜਾਂਦੀ ਹੈ।

**ਸ)** ਡੀ.ਜੀ.ਪੀ/ਪ੍ਰਸ਼ਾਸਨ ਜੀ ਵੱਲੋਂ ਮਿਤੀ 12.06.2018 ਤੋਂ 15.06.2018 ਤੱਕ 1990, 1991, 1992, 1993 ਅਤੇ 1994 ਬੈਚ ਦੇ ਕਰਮਚਾਰੀਆਂ ਦੀ ਸੀਨੀਆਰਤਾ ਸੈੱਟ ਕਰਨ ਸਬੰਧੀ ਮੀਟਿੰਗ ਬੁਲਾਈ ਗਈ ਸੀ ਜਿਸ ਵਿੱਚ ਇਹ ਕਿਹਾ ਗਿਆ ਸੀ ਕਿਸੇ ਵੀ ਕਰਮਚਾਰੀ ਨਾਲ ਧੱਕਾ ਨਾ ਹੋਵੇ ਅਤੇ ਹਰ ਕਰਮਚਾਰੀ ਅਗਲੇ ਰੈਂਕ ਵਿੱਚ ਆਪੋ-ਆਪਣੀ ਸੀਨੀਆਰਤਾ ਅਨੁਸਾਰ ਪ੍ਰਮੋਟ ਹੋਵੇ। ਉਹਨਾਂ ਨੂੰ ਆਪਸ਼ਨਾ ਦੇਣ ਸਬੰਧੀ ਲਿਸਟਾਂ ਦਿੱਤੀਆਂ ਗਈਆਂ ਸਨ। ਜਿਸ ਅਨੁਸਾਰ ਪ੍ਰਤੀਬੇਨਤੀਕਰਤਾ ਨੇ ਜ਼ਿਲ੍ਹਾ ਕੇਡਰ ਵਿੱਚ ਆਪਸ਼ਨ ਦਿੱਤੀ ਹੈ। 1991 ਬੈਚ ਦੇ ਕਰਮਚਾਰੀਆਂ ਨੇ ਲਿਸਟ ਮੁਤਾਬਿਕ ਆਪਸ਼ਨ ਨਹੀਂ ਦਿੱਤੀ ਹੈ। ਲਿਸਟ ਮੁਤਾਬਿਕ 52 ਕਰਮਚਾਰੀਆਂ ਨੂੰ ਜ਼ਿਲ੍ਹਾ ਕੇਡਰ ਅਤੇ 64 ਕਰਮਚਾਰੀਆਂ ਨੂੰ ਆਰਮਡ ਕੇਡਰ ਦੀ ਆਪਸ਼ਨ ਦੇਣ ਲਈ ਕਿਹਾ ਗਿਆ ਸੀ, ਪ੍ਰੰਤੂ 63 ਕਰਮਚਾਰੀਆਂ ਨੇ ਜ਼ਿਲ੍ਹਾ ਕੇਡਰ ਅਤੇ 39 ਕਰਮਚਾਰੀਆਂ ਨੇ ਆਰਮਡ ਕੇਡਰ ਦੀ ਆਪਸ਼ਨ ਦਿੱਤੀ ਹੈ। 14 ਕਰਮਚਾਰੀਆਂ ਨੇ ਕੋਈ ਆਪਸ਼ਨ ਨਹੀਂ ਦਿੱਤੀ, ਜਿਹਨਾਂ ਵਿੱਚੋਂ 11 ਕਰਮਚਾਰੀਆਂ ਨੂੰ ਆਰਮਡ ਕੇਡਰ ਵਿੱਚ ਪ੍ਰਬੰਧਕੀ ਅਧਾਰ ਤੇ ਐਡਜਸਟ ਕੀਤਾ ਗਿਆ ਹੈ। ਇਸ ਤਰ੍ਹਾਂ ਕਰਨ ਨਾਲ 15 ਵੱਧ ਕਰਮਚਾਰੀ ਜ਼ਿਲ੍ਹਾ ਕੇਡਰ ਵਿੱਚ ਆ ਗਏ ਹਨ, ਜਿਸ ਨਾਲ ਉਸਦੀ ਅਗਲੀ ਤਰੱਕੀ ਤੇ ਫਰਕ ਪਵੇਗਾ।

ਸਮੂਹ ਕਰਮਚਾਰੀਆਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਲ 1990, 1991, 1992, ਅਤੇ 1993 ਬੈਚ ਦੇ ਕਰਮਚਾਰੀਆਂ ਨੂੰ ਸੀਨੀਆਰਤਾ ਸੂਚੀ ਫਿਕਸ ਕਰਨ ਅਤੇ ਵੰਡ ਕਰਨ ਸਬੰਧੀ ਜਾਣਕਾਰੀ ਦੇਣ ਲਈ ਇਸ ਦੰ ਤਰ ਵਿੱਚ ਬੁਲਾਇਆ ਗਿਆ ਸੀ ਅਤੇ ਇਹ ਸਲਾਹ ਵੀ ਦਿੱਤੀ ਗਈ ਸੀ ਕਿ ਜੇਕਰ ਇਸ ਦੰ ਤਰ ਵੱਲੋਂ ਦਿੱਤੇ ਸੁਝਾਅ ਅਨੁਸਾਰ ਉਹ ਆਪਣੀ ਆਪਸ਼ਨ ਦੇਣਗੇ ਤਾਂ ਕਿਸੇ ਵੀ ਕਰਮਚਾਰੀ ਨਾਲ ਧੱਕਾ ਨਹੀਂ ਹੋਵੇਗਾ। ਸਾਲ 1991, 1992 ਅਤੇ 1993 ਬੈਚ ਦੇ ਵਿੱਚੋਂ 244 ਕਰਮਚਾਰੀਆਂ ਵੱਲੋਂ ਜ਼ਿਲ੍ਹਾ ਕੇਡਰ ਅਤੇ 107 ਕਰਮਚਾਰੀਆਂ ਵੱਲੋਂ ਆਰਮਡ ਕੇਡਰ ਦੀ ਆਪਸ਼ਨ ਦਿੱਤੀ ਗਈ ਸੀ, ਜਿਸ ਅਨੁਸਾਰ ਉਹਨਾਂ ਨੂੰ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਪਾ ਦਿੱਤਾ ਗਿਆ ਹੈ।। ਜਿਹਨਾਂ ਕਰਮਚਾਰੀਆਂ ਵੱਲੋਂ ਆਪਸ਼ਨ ਨਹੀਂ ਦਿੱਤੀ ਗਈ, ਉਹਨਾਂ ਨੂੰ ਪ੍ਰਬੰਧਕੀ ਆਧਾਰ ਤੇ ਕੇਡਰ ਦੀ ਅਲਾਟਮੈਂਟ ਕੀਤੀ ਗਈ ਹੈ। ਇਸ ਲਈ ਕਰਮਚਾਰੀਆਂ ਦਾ ਇਹ ਇਤਰਾਜ਼ ਮੰਨਣਯੋਗ ਨਹੀਂ ਹੈ ਕਿ ਦੂਜੇ ਕਰਮਚਾਰੀਆਂ ਨੂੰ ਕਿਹੜਾ ਕੇਡਰ ਦਿੱਤਾ ਗਿਆ ਹੈ।

**ਹ)** 1990 ਬੈਚ ਦੇ 41 ਇੰਸਪੈਕਟਰਾਂ ਨੂੰ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਹਨਾਂ ਵਿੱਚੋਂ 9 ਕਰਮਚਾਰੀ ਪਹਿਲਾਂ ਹੀ ਰਿਟਾਇਰ/ਐਕਸਪਾਇਰ/ਡਿਸਮਿਸ ਹੋ ਚੁੱਕੇ ਹਨ। ਇਸ ਲਈ ਜ਼ਿਲ੍ਹਾ ਪੁਲਿਸ ਕੇਡਰ ਵਿੱਚੋਂ 9 ਸਰਵਿੰਗ ਇੰਸਪੈਕਟਰਾਂ ਨੂੰ ਆਰਮਡ ਕੇਡਰ ਵਿੱਚ ਐਡਜਸਟ ਕੀਤਾ ਜਾਵੇ ਤਾਂ ਕਿ ਅਗਲੇ ਰੈਂਕਾਂ ਵਿੱਚ ਪ੍ਰੋਮੋਸ਼ਨ ਹੋਣ ਸਮੇਂ ਕੋਈ ਫਰਕ ਨਾ ਪਵੇ।

ਇੰਸਪੈਕਟਰ ਰੈਂਕ ਵਿੱਚ 383 ਕਰਮਚਾਰੀਆਂ ਵੱਲੋਂ ਕੋਈ ਵੀ ਆਪਸ਼ਨ ਨਹੀਂ ਦਿੱਤੀ ਗਈ ਸੀ। ਇਸ ਲਈ 258 ਸੀਨੀਅਰ ਕਰਮਚਾਰੀਆਂ ਨੂੰ ਜ਼ਿਲ੍ਹਾ ਕੇਡਰ ਵਿੱਚ ਰੱਖਿਆ ਗਿਆ ਹੈ ਅਤੇ ਬਾਕੀ 125 ਜੂਨੀਅਰ ਕਰਮਚਾਰੀਆਂ ਨੂੰ ਸੀਨੀਆਰਤਾ ਅਨੁਸਾਰ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਹਨਾਂ ਵਿੱਚ 1990 ਬੈਚ ਦੇ ਇੰਸਪੈਕਟਰ ਵੀ ਸ਼ਾਮਲ ਹਨ। ਸਾਲ-1990 ਬੈਚ ਦੇ ਇਹ 9 ਪ੍ਰੋ/ਏ.ਐਸ.ਆਈਜ਼ ਮਿਤੀ 20.02.2008 ਨੂੰ ਨੌਕਰੀ ਵਿੱਚ ਸਨ, ਇਸ ਲਈ ਕਰਮਚਾਰੀਆਂ ਦਾ ਕਲੇਮ ਦਾਖਲ ਦੰ ਤਰ ਕੀਤਾ ਜਾਂਦਾ ਹੈ।

**5. ਇਤਰਾਜ ਵੱਲੋਂ ਇੰਸ: ਇੰਦਰਪਾਲ ਸਿੰਘ ਨੰ: 295/ਜੇ.ਆਰ, ਇੰਸ: ਸੁਭਾਸ ਚੰਦਰ ਨੰ: 193/ਜੇ, ਇੰਸ: ਜਰਨੈਲ ਸਿੰਘ ਨੰ: 359/ਪੀ.ਆਰ, ਇੰਸ: ਦਲਜੀਤ ਸਿੰਘ ਨੰ: 312/ਪੀ.ਆਰ :** ਇਹ ਕਰਮਚਾਰੀ ਸਾਲ-1993 ਬੈਚ ਦੇ ਪ੍ਰੋਬੇਸ਼ਨਰ ਐਸ.ਆਈ ਭਰਤੀ ਹਨ ਅਤੇ ਇਹਨਾਂ ਵੱਲੋਂ ਆਰਮਡ ਕੇਡਰ ਦੀ ਆਪਸ਼ਨ ਦਿੱਤੀ ਗਈ ਹੈ। ਇਹਨਾਂ ਨੇ ਲਿਖਿਆ ਹੈ ਕਿ 31 ਕਰਮਚਾਰੀ ਜਿਹਨਾਂ ਨੇ ਆਪਸ਼ਨ ਨਹੀਂ ਦਿੱਤੀ, ਨੂੰ ਪ੍ਰਬੰਧਕੀ ਅਧਾਰ ਤੇ ਆਰਮਡ ਕੇਡਰ ਦੀ ਸੀਨੀਆਰਤਾ ਵਿੱਚ ਉਹਨਾਂ ਤੋਂ ਉੱਪਰ ਲਗਾਇਆ ਗਿਆ ਹੈ, ਜੋ ਕਿ ਸ੍ਰੀ ਗੌਰਵ ਗਰਗ, ਆਈ.ਪੀ.ਐਸ, ਏ.ਆਈ.ਜੀ/ ਪਰਸ-3 ਵੱਲੋਂ ਮਾਨਯੋਗ ਹਾਈਕੋਰਟ ਵਿੱਚ ਪੇਸ਼ ਕੀਤੇ ਐਫੀਡੇਵਿਟ ਮਿਤੀ 28.05.2018 ਅਨੁਸਾਰ ਨਹੀਂ ਹੈ। ਜੇਕਰ ਆਰਮਡ ਕੇਡਰ ਲਈ ਘੱਟ ਕਰਮਚਾਰੀਆਂ ਵੱਲੋਂ ਆਪਸ਼ਨ ਦਿੱਤੀ ਗਈ ਹੈ ਤਾਂ ਜ਼ਿਲ੍ਹਾ ਕੇਡਰ ਦੇ ਸਭ ਤੋਂ ਜੂਨੀਅਰ ਕਰਮਚਾਰੀਆਂ ਨੂੰ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਜਾਣਾ ਬਣਦਾ ਹੈ। ਮਾਨਯੋਗ ਕੋਰਟ ਵਿੱਚ ਦਿੱਤੇ ਐਫੀਡੇਵਿਟ ਵਿੱਚ ਇਹ ਨਹੀਂ ਲਿਖਿਆ ਗਿਆ ਹੈ ਕਿ ਦੰ ਤਰ ਵੱਲੋਂ ਪ੍ਰਬੰਧਕੀ ਅਧਾਰ ਤੇ ਕਰਮਚਾਰੀਆਂ ਨੂੰ ਐਡਜਸਟ ਕੀਤਾ ਜਾਵੇਗਾ। ਜੇਕਰ ਦੰ ਤਰ ਵੱਲੋਂ ਇਸੇ ਤਰ੍ਹਾਂ ਕਰਨਾ ਸੀ ਤਾਂ ਆਪਸ਼ਨਾਂ ਮੰਗਣ ਦੀ ਕੋਈ ਜ਼ਰੂਰਤ ਨਹੀਂ ਸੀ। ਉਹਨਾਂ ਵੱਲੋਂ ਦੰ ਤਰ ਦੇ ਇਸ ਤਰੀਕੇ ਵਿਰੁੱਧ ਮਾਨਯੋਗ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਨੰ: 6901/2018-ਇੰਸ: ਅਮਰਪ੍ਰੀਤ ਸਿੰਘ ਅਤੇ ਹੋਰ ਦਾਇਰ ਕੀਤੀ ਗਈ ਸੀ ਅਤੇ ਹੁਣ ਉਹੀ ਸਵਾਲ ਮੁੜ ਖੜਾ ਹੋ ਗਿਆ ਹੈ।

ਸ੍ਰੀ ਗੌਰਵ ਗਰਗ, ਆਈ.ਪੀ.ਐਸ, ਏ.ਆਈ.ਜੀ/ਪਰਸ-3 ਵੱਲੋਂ ਮਾਨਯੋਗ ਹਾਈਕੋਰਟ ਵਿੱਚ ਪੇਸ਼ ਕੀਤੇ ਐਫੀਡੇਵਿਟ ਮਿਤੀ 28.05.2018 ਵਿੱਚ ਇਹ ਸਪਸ਼ੱਟ ਕੀਤਾ ਹੋਇਆ ਹੈ ਕਿ ਵੰਡ ਕਰਨ ਤੋਂ ਪਹਿਲਾਂ ਸਮੂਹ ਕਰਮਚਾਰੀਆਂ ਨੂੰ ਪਬਲਿਕ ਨੋਟਿਸ ਰਾਹੀਂ ਸੂਚਿਤ ਕਰਕੇ ਜ਼ਿਲ੍ਹਾ ਕੇਡਰ ਜਾਂ ਆਰਮਡ ਕੇਡਰ ਵਿੱਚ ਆਪਸ਼ਨ ਦੇਣ ਦਾ ਮੌਕਾ ਦਿੱਤਾ ਜਾਵੇਗਾ। ਐਫੀਡੇਵਿਟ ਵਿੱਚ ਇਹ ਸਪਸ਼ੱਟ ਨਹੀਂ ਸੀ ਕਿ ਆਪਸ਼ਨ ਆਉਣ ਉਪਰੰਤ ਕੇਡਰ ਦੀ ਵੰਡ ਕਿਸ ਆਧਾਰ ਤੇ ਕੀਤੀ ਜਾਵੇਗੀ, ਇਸ ਲਈ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਆਪਸ਼ਨ ਦੇਣ ਲਈ ਸਮੂਹ ਦੰ ਤਰ ਨੂੰ ਇਸ ਦੰ ਤਰ ਦੇ ਪੱਤਰ ਨੰਬਰ 6707-48/ਈ-1(3) ਮਿਤੀ 04.06.18, ਰਾਹੀਂ ਕੇਡਰ ਦੀ ਵੰਡ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਗਿਆ ਸੀ ਕਿ:-

"ੳ) ਕਰਮਚਾਰੀਆਂ ਦੀ ਆਪਸ਼ਨ, ਕੇਡਰ ਵਿੱਚ ਅਸਾਮੀਆਂ ਦੀ ਉਪਲੱਬਧਤਾ ਅਤੇ ਸੀਨੀਆਰਤਾ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਵੇਗੀ।

ਅ) ਜੇਕਰ ਇੱਕ ਕੇਡਰ ਵਿੱਚ ਮੰਨਜੂਰ-ਸ਼ੁਦਾ ਅਸਾਮੀਆਂ ਤੋਂ ਵੱਧ ਆਪਸ਼ਨ ਪ੍ਰਾਪਤ ਹੁੰਦੀ ਹੈ ਤਾਂ ਜੂਨੀਅਰ ਕਰਮਚਾਰੀਆਂ ਨੂੰ ਦੂਜੇ ਕੇਡਰ ਵਿੱਚ ਭੇਜਿਆ ਜਾਵੇਗਾ।

ੲ) ਆਪਸ਼ਨ ਦੇਣ ਬਾਰੇ ਕਰਮਚਾਰੀਆਂ ਦੀ ਆਪਣੀ ਨਿੱਜੀ ਜ਼ਿੰਮੇਵਾਰੀ ਹੋਵੇਗੀ, ਉਹਨਾਂ ਵੱਲੋਂ ਦਿੱਤੀ ਗਈ ਆਪਸ਼ਨ ਅੰਤਿਮ ਹੋਵੇਗੀ। ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਦੀ ਆਪਸ਼ਨ ਪ੍ਰਾਪਤ ਨਹੀਂ ਹੁੰਦੀ ਜਾਂ ਕਰਮਚਾਰੀ ਆਪਸ਼ਨ ਨਹੀ ਦਿੰਦਾ ਤਾਂ ਉਸਨੂੰ ਬਾਕੀ ਖਾਲੀ ਰਹਿੰਦੀਆਂ ਅਸਾਮੀਆਂ ਦੇ ਵਿਰੁੱਧ ਸੀਨੀਆਰਤਾ, ਉਸਦੀ ਮਿਤੀ 20.02.2008 ਨੂੰ ਤਇਨਾਤੀ ਦੇ ਅਨੁਸਾਰ ਪ੍ਰਬੰਧਕੀ ਆਧਾਰ ਤੇ ਐਡਜਸਟ ਕੀਤਾ ਜਾਵੇਗਾ।"

ਆਪਸ਼ਨ ਪ੍ਰਾਪਤ ਹੋਣ ਤੇ ਕਰਮਚਾਰੀਆਂ ਵੱਲੋਂ ਦਿੱਤੀਆਂ ਆਪਸ਼ਨਾਂ ਅਨੁਸਾਰ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਵੰਡ ਕੀਤੀ ਗਈ ਸੀ। ਜਿਹੜੇ 1991 ਅਤੇ 1992 ਦੇ ਕਰਮਚਾਰੀਆਂ ਵੱਲੋਂ ਆਪਸ਼ਨ ਨਹੀਂ ਦਿੱਤੀ ਗਈ ਸੀ, ਉਹਨਾਂ ਵਿੱਚ 31 ਕਰਮਚਾਰੀਆਂ ਨੂੰ ਪ੍ਰਬੰਧਕੀ ਆਧਾਰ ਤੇ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਗਿਆ ਹੈ।

**6. ਇਤਰਾਜ ਵੱਲੋਂ ਇੰਸ: ਮਹਿੰਦਰ ਸਿੰਘ ਨੰ: 1095/ਪੀ.ਏ.ਪੀ, ਇੰਸ: ਰਣਧੀਰ ਸਿੰਘ ਨੰ: 982/ਪੀ.ਏ.ਪੀ, ਇੰਸ: ਕੁਲਵੰਤ ਸਿੰਘ ਨੰ: 989/ਪੀ.ਏ.ਪੀ, ਇੰਸ: ਗੁਰਮੀਤ ਸਿੰਘ ਨੰ: 945/ਪੀ.ਏ.ਪੀ, ਇੰਸ: ਬਲਵਿੰਦਰ ਸਿੰਘ ਨੰ: 965/ਪੀ.ਏ.ਪੀ, ਇੰਸ: ਵਿਜੇ ਕੁਮਾਰ ਨੰ: 991/ਪੀ.ਏ.ਪੀ**

**ੳ**) ਸਾਲ-1993 ਵਿੱਚ ਆਰਮਡ ਵਿੱਚ ਆਈ.ਆਰ.ਬੀ. ਦੀਆਂ ਪੰਜ ਬਟਾਲੀਅਨਜ਼ ਹੋਂਦ ਵਿੱਚ ਆਉਣ ਕਰਕੇ ਉਹਨਾਂ ਨੂੰ ਇਸ ਦੰ ਤਰ ਵੱਲੋਂ ਤਰੱਕੀ ਕੋਰਸ ਕਰਵਾਇਆ ਗਿਆ ਅਤੇ ਤਰੱਕੀਯਾਬ ਕੀਤਾ ਗਿਆ। ਉਹਨਾਂ ਦੀਆਂ ਤਰੱਕੀਆਂ ਉਹਨਾਂ ਮੁਤਾਬਿਕ ਹੀ ਕਰਨੀਆਂ ਬਣਦੀਆਂ ਸੀ।

ਸਾਲ-2009 ਤੱਕ ਪੀ.ਏ.ਪੀ. ਨੂੰ ਇੱਕ ਵੱਖਰਾ ਵਿੰਗ ਸਮਝਿਆ ਜਾਂਦਾ ਸੀ ਅਤੇ ਉਹਨਾਂ ਵੱਲੋਂ ਸਿਪਾਹੀ ਤੋਂ ਲੈ ਕੇ ਐਸ.ਆਈ. ਰੈਂਕ ਤੱਕ ਤਰੱਕੀਆਂ ਲੋਅਰ, ਇੰਟਰਮੀਡੀਏਟ ਅਤੇ ਅਪਰ ਸਕੂਲ ਕੋਰਸ ਕਰਵਾਉਣ ਉਪਰੰਤ ਆਪਣੇ ਪੱਧਰ ਤੇ ਕੀਤੀਆਂ ਜਾਂਦੀਆਂ ਸਨ। ਸਾਲ-2008 ਵਿੱਚ ਪੁਲਿਸ ਐਕਟ ਆਉਣ ਉਪਰੰਤ ਐਕਟ ਦੀ ਧਾਰਾ 4(ਬੀ) ਅਨੁਸਾਰ ਆਰਮਡ ਪੁਲਿਸ ਕੇਡਰ ਇੱਕ ਵੱਖਰਾ ਕੇਡਰ ਮੰਨਿਆ ਹੈ। ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 4829/2014 ਵਿੱਚ ਹੁਕਮ ਮਿਤੀ 16.12.2014 ਵਿੱਚ ਸਪਸ਼ੱਟ ਕੀਤਾ ਗਿਆ ਹੈ ਕਿ ਪੰਜਾਬ ਪੁਲਿਸ ਐਕਟ ਲਾਗੂ ਹੋਣ ਤੋਂ ਪਹਿਲਾਂ ਪੰਜਾਬ ਪੁਲਿਸ ਰੂਲਜ਼, 1934 ਵਿੱਚ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਅਲੱਗ-ਅਲੱਗ ਹੋਣ ਬਾਰੇ ਕੋਈ ਵੀ ਪ੍ਰੋਵੀਜ਼ਨ ਨਹੀਂ ਹੈ। ਆਰਮਡ ਕੇਡਰ ਤੋਂ ਜ਼ਿਲ੍ਹਾ ਕੇਡਰ ਅਤੇ ਜ਼ਿਲ੍ਹਾ ਕੇਡਰ ਤੋਂ ਆਰਮਡ ਕੇਡਰ ਵਿੱਚ ਬਦਲੀਆਂ ਵੀ ਕੀਤੀਆਂ ਜਾਦੀਆਂ ਸਨ, ਇਸ ਲਈ ਪੁਲਿਸ ਐਕਟ ਲਾਗੂ ਹੋਣ ਤੋਂ ਪਹਿਲਾਂ ਜ਼ਿਲ੍ਹਾ ਪੁਲਿਸ ਕੇਡਰ ਅਤੇ ਆਰਮਡ ਪੁਲਿਸ ਕੇਡਰ ਦੀ ਇੱਕ ਹੀ ਸੀਨੀਆਰਤਾ ਸੂਚੀ ਬਣਨੀ ਚਾਹੀਦੀ ਹੈ। ਇਸ ਲਈ ਜਦੋਂ ਮਾਨਯੋਗ ਹਾਈਕੋਰਟ ਦੇ ਇਹਨਾਂ ਹੁਕਮਾਂ ਅਨੁਸਾਰ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਜਾਣੀਆਂ ਹਨ ਤਾਂ ਪੀ.ਏ.ਪੀ. ਦੇ ਕਰਮਚਾਰੀਆਂ ਵੱਲੋਂ ਸਾਲ-1993 ਵਿੱਚ ਆਰਮਡ ਵਿੱਚ ਆਈ.ਆਰ.ਬੀ. ਦੀਆਂ ਪੰਜ ਬਟਾਲੀਅਨਜ਼ ਹੋਂਦ ਵਿੱਚ ਆਉਣ ਕਰਕੇ ਉਹਨਾਂ ਨੂੰ ਇਸ ਦੰ ਤਰ ਵੱਲੋਂ ਤਰੱਕੀ ਕੋਰਸ ਕਰਵਾਇਆ ਗਿਆ ਅਤੇ ਤਰੱਕੀਯਾਬ ਕੀਤਾ ਗਿਆ, ਦਾ ਕਲੇਮ ਦਾਖਲ ਦੰ ਤਰ ਕੀਤਾ ਜਾਂਦਾ ਹੈ।

**ਅ**) ਇਸ ਦੰ ਤਰ ਵੱਲੋਂ ਜੋ ਵੰਡ ਕੀਤੀ ਜਾ ਰਹੀ ਹੈ, ਉਸ ਵਿੱਚ ਏ.ਐਸ.ਆਈ ਤੋਂ ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਨੂੰ ਜ਼ਿਲ੍ਹਾ ਕੇਡਰ ਤੋਂ ਆਰਮਡ ਕੇਡਰ ਵਿੱਚ ਲਿਆਂਦਾ ਗਿਆ ਹੈ। ਜਦੋਂਕਿ ਇਹ ਕਰਮਚਾਰੀ ਪੰਜਾਬ ਪੁਲਿਸ ਐਕਟ, 2007 ਲਾਗੂ ਹੋਣ ਦੀ ਮਿਤੀ 20.02.2008 ਤੋਂ ਪਹਿਲਾਂ ਅਤੇ ਹੁਣ ਤੱਕ ਜ਼ਿਲ੍ਹਾ ਕੇਡਰ ਵਿੱਚ ਹੀ ਤਾਇਨਾਤ ਰਹੇ ਹਨ।

ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 4829/2014 ਵਿੱਚ ਹੁਕਮ ਮਿਤੀ 16.12.2014 ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਪੁਲਿਸ ਐਕਟ ਲਾਗੂ ਹੋਣ ਤੋਂ ਪਹਿਲਾਂ ਪੰਜਾਬ ਪੁਲਿਸ ਰੂਲਜ਼, 1934 ਵਿੱਚ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਅਲੱਗ-ਅਲੱਗ ਹੋਣ ਬਾਰੇ ਕੋਈ ਵੀ ਪ੍ਰੋਵੀਜ਼ਨ ਨਹੀਂ ਹੈ। ਆਰਮਡ ਕੇਡਰ ਤੋਂ ਜ਼ਿਲ੍ਹਾ ਕੇਡਰ ਅਤੇ ਜ਼ਿਲ੍ਹਾ ਕੇਡਰ ਤੋਂ ਆਰਮਡ ਕੇਡਰ ਵਿੱਚ ਬਦਲੀਆਂ ਵੀ ਕੀਤੀਆਂ ਜਾਦੀਆਂ ਸਨ, ਇਸ ਲਈ ਪੁਲਿਸ ਐਕਟ ਲਾਗੂ ਹੋਣ ਤੋਂ ਪਹਿਲਾਂ ਜ਼ਿਲ੍ਹਾ ਪੁਲਿਸ ਕੇਡਰ ਅਤੇ ਆਰਮਡ ਪੁਲਿਸ ਕੇਡਰ ਦੀ ਇੱਕ ਹੀ ਸੀਨੀਆਰਤਾ ਸੂਚੀ ਬਣਨੀ ਚਾਹੀਦੀ ਹੈ। ਪੰਜਾਬ ਪੁਲਿਸ ਐਕਟ, 2007 ਲਾਗੂ ਹੋਣ ਉਪਰੰਤ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਸੀਨੀਆਰਤਾ ਅਲੱਗ-ਅਲੱਗ ਹੋਵੇਗੀ। ਇਸ ਲਈ ਮਿਤੀ 20.02.2008 ਤੋਂ ਪਹਿਲਾਂ ਸਾਂਝੀ ਸੀਨੀਆਰਤਾ ਸੂਚੀ ਅਤੇ ਉਸਤੋਂ ਬਾਅਦ ਅਲੱਗ-ਅਲੱਗ ਸੂਚੀਆਂ ਬਣਾਉਣ ਲਈ ਵੰਡ ਸਬੰਧੀ ਆਪਸ਼ਨਾਂ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮੰਗੀਆਂ ਗਈਆਂ ਹਨ।

**ੲ**) ਕੇਡਰਾਂ ਦੀ ਅਲਾਟਮੈਂਟ/ਤਬਦੀਲੀ ਦਾ ਅਧਾਰ ਆਪਸ਼ਨ ਨੂੰ ਰੱਖਿਆ ਗਿਆ ਹੈ, ਆਪਸ਼ਨ ਮਿਤੀ 20.02.2008 ਨੂੰ ਜੋ ਰੈਂਕ ਸੀ, ਅਨੁਸਾਰ ਲਈ ਗਈ ਹੈ, ਜਦੋਂਕਿ ਸਾਰੇ ਕਰਮਚਾਰੀ ਹੁਣ ਤੱਕ ਘੱਟੋਂ-ਘੱਟ ਇੱਕ ਰੈਂਕ ਤਰੱਕੀ ਲੈ ਚੁੱਕੇ

ਹਨ ਅਤੇ ਅਗਲੇ ਰੈਂਕ ਦੀ ਤਰੱਕੀ ਦੀ ਸ਼ਰਤ ਵੀ ਪਾਸ ਕਰ ਚੁੱਕੇ ਹਨ। ਇਹ ਕਰਮਚਾਰੀ ਆਪਣੀ ਸਾਰੀ ਨੌਕਰੀ ਪਸੰਦੀਦਾ ਜ਼ਿਲ੍ਹਾ ਕੇਡਰ ਵਿੱਚ ਕਰਨ ਦੇ ਬਾਵਜੂਦ ਆਰਮਡ ਕੇਡਰ ਵਿੱਚ ਤਾਇਨਾਤੀ ਤੋਂ ਬਗੈਰ ਹੀ, ਪਿਛਲੇ 10 ਸਾਲ ਤੋਂ ਆਰਮਡ ਕੇਡਰ ਵਿੱਚ ਮੰਨੇ ਜਾਣਗੇ ਅਤੇ ਅਗਲਾ ਰੈਂਕ (ਡੀ.ਐਸ.ਪੀ) ਸਟੇਟ ਲੈਵਲ ਲੈ ਕੇ ਦੁਬਾਰਾ ਫਿਰ ਜ਼ਿਲ੍ਹਾ ਕੇਡਰ ਵਿੱਚ ਤਾਇਨਾਤ ਹੋ ਸਕਦੇ ਹਨ।

ਪੰਜਾਬ ਪੁਲਿਸ ਵਿੱਚ ਤਰੱਕੀਆਂ ਅਤੇ ਸੀਨੀਆਰਤਾ ਸਬੰਧੀ ਸਾਲ-2011 ਤੋਂ ਮਾਨਯੋਗ ਹਾਈਕੋਰਟ ਵਿੱਚ ਰਿੱਟਾਂ ਚੱਲ ਰਹੀਆਂ ਸਨ। ਸਾਲ-2011 ਵਿੱਚ ਸੀਨੀਆਰਤਾ ਸੂਚੀਆਂ ਜਾਰੀ ਕੀਤੀਆਂ ਗਈਆਂ ਸਨ। ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 4829/2011 -ਇੰਸਪੈਕਟਰ ਪ੍ਰਦੀਪ ਸਿੰਘ ਅਤੇ ਹੋਰਾਂ ਵਿੱਚ ਹੁਕਮ ਮਿਤੀ 16.12.2014 ਅਨੁਸਾਰ ਸਾਲ-2016 ਵਿੱਚ ਫਿਰ ਏ.ਐਸ.ਆਈ. ਤੋਂ ਇੰਸਪੈਕਟਰ ਰੈਂਕ ਤੱਕ ਦੀਆਂ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਗਈਆਂ ਸਨ, ਪ੍ਰੰਤੂ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 14.12.2016 ਅਨੁਸਾਰ ਹੌਲਦਾਰ ਰੈਂਕ ਤੋਂ ਇੰਸਪੈਕਟਰ ਰੈਂਕ ਵਿੱਚ ਮਿਤੀ 20.02.2008 ਤੋਂ ਪਹਿਲਾਂ ਸਾਂਝੀ (ਜ਼ਿਲ੍ਹਾ ਪੁਲਿਸ ਅਤੇ ਆਰਮਡ ਪੁਲਿਸ) ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ ਅਤੇ ਮਿਤੀ 20.02.2008 ਤੋਂ ਬਾਅਦ ਕਰਮਚਾਰੀਆਂ ਦੀ ਵੰਡ ਆਦਿ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਹੀ ਕੀਤੀ ਜਾ ਰਹੀ ਹੈ।

**ਸ)** ਮੁੱਖ ਸਿਪਾਹੀ ਤੋਂ ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਨੂੰ ਜ਼ਿਲ੍ਹਾ ਅਤੇ ਆਰਮਡ ਕੇਡਰ ਵਿੱਚ ਵੰਡਿਆ ਜਾ ਰਿਹਾ ਹੈ, ਜਦੋਂ ਕਿ ਮਿਤੀ 20.02.2008 ਦੇ ਸਿਪਾਹੀ ਰੈਂਕ ਦੇ ਕਰਮਚਾਰੀਆਂ ਤੋਂ ਆਪਸ਼ਨ ਦੀ ਮੰਗ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਇੰਟੈਲੀਜੈਂਸ ਅਤੇ ਟੈਕਨੀਕਲ/ਸਪੋਰਟਸ ਕੇਡਰ ਦੇ ਕਰਮਚਾਰੀਆਂ ਦੀ ਕੇਡਰਾਂ ਵਿੱਚ ਵੰਡ ਨਹੀਂ ਕੀਤੀ ਜਾ ਰਹੀ।

ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮੁੱਖ ਸਿਪਾਹੀ ਤੋਂ ਇੰਸਪੈਕਟਰ ਰੈਂਕ ਤੱਕ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀ ਮਿਤੀ 20.02.2008 ਤੱਕ ਸਾਂਝੀ ਸੀਨੀਆਰਤਾ ਤਿਆਰ ਕੀਤੀ ਗਈ ਹੈ।

**ਹ)** ਮਾਨਯੋਗ ਹਾਈਕੋਰਟ ਨੇ ਆਪਸ਼ਨ ਲੈ ਕੇ ਕੇਡਰਾਂ ਦੀ ਵੰਡ ਕਰਨ ਸਬੰਧੀ ਕੋਈ ਵੀ ਹੁਕਮ ਜਾਰੀ ਨਹੀਂ ਕੀਤਾ।

ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮਿਤੀ 02.02.2008 ਤੱਕ ਜ਼ਿਲ੍ਹਾ ਪੁਲਿਸ ਅਤੇ ਆਰਮਡ ਪੁਲਿਸ ਕੇਡਰ ਦੀ ਸਾਂਝੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਸੀ ਅਤੇ ਮਿਤੀ 20.02.2008 ਤੋਂ ਬਾਅਦ ਵੱਖ-ਵੱਖ ਕੇਡਰ ਦੀ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਜਾਣੀਆਂ ਸਨ। ਇਸ ਲਈ ਕਰਮਚਾਰੀਆਂ ਵੱਲੋਂ ਆਪਸ਼ਨ ਮੰਗੀ ਗਈ ਸੀ ਕਿ ਉਹ ਜ਼ਿਲ੍ਹਾ ਕੇਡਰ ਜਾਂ ਆਰਮਡ ਕੇਡਰ ਵਿੱਚ ਜਾਣਾ ਚਾਹੁੰਦੇ ਹਨ। ਇਸ ਸਬੰਧੀ ਸਿਵਲ ਰਿੱਟ ਪਟੀਸ਼ਨ ਨੰਬਰ 21095/2016-ਦਾਇਰ ਵੱਲੋਂ ਸੁਖਵਿੰਦਰ ਸਿੰਘ ਅਤੇ ਹੋਰਾਂ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 25.05.2018 ਜਾਰੀ ਕੀਤੇ ਗਏ ਸਨ ਕਿ ਆਪਸ਼ਨ ਲੈਣ ਸਬੰਧੀ ਸਮੂਹ ਦੰ ਤਰਾਂ ਨੂੰ ਸੂਚਿਤ ਕੀਤਾ ਜਾਵੇ ਅਤੇ ਉਸ ਉਪਰੰਤ ਸੀਨੀਆਰਤਾ ਅਤੇ ਆਪਸ਼ਨ ਅਨੁਸਾਰ ਕੇਡਰਾਂ ਦੀ ਵੰਡ ਕੀਤੀ ਜਾਵੇ। ਇਸ ਉਪਰੰਤ ਮਾਨਯੋਗ ਹਾਈਕੋਰਟ ਵੱਲੋਂ ਮਿਤੀ 29.05.2018 ਨੂੰ ਹੁਕਮ ਪਾਸ ਕੀਤੇ ਗਏ ਕਿ ਆਪਸ਼ਨ ਲੈਣ ਸਬੰਧੀ ਅਖ਼ਬਾਰਾਂ ਵਿੱਚ ਇਹ ਨੋਟਿਸ ਦਿੱਤਾ ਜਾਵੇ ਅਤੇ ਕਰਮਚਾਰੀਆਂ ਨੂੰ ਆਪਸ਼ਨ ਦੇਣ ਲਈ 21 ਦਿਨ ਦਾ ਸਮਾਂ ਦਿੱਤਾ ਜਾਵੇ। ਇਹਨਾਂ ਹੁਕਮਾਂ ਅਨੁਸਾਰ ਕਰਮਚਾਰੀਆਂ ਨੂੰ ਆਪਸ਼ਨ ਦੇਣ ਲਈ ਅਖ਼ਬਾਰਾਂ ਅਤੇ ਪੰਜਾਬ ਪੁਲਿਸ ਦੀ ਵੈਬਸਾਈਟ ਰਾਹੀਂ ਸੂਚਿਤ ਕੀਤਾ ਗਿਆ ਸੀ।

**ਕ)** ਕੇਡਰਾਂ ਦੀ ਵੰਡ ਦੇ ਖਿਲਾਫ ਸਿਵਲ ਰਿੱਟ ਪਟੀਸ਼ਨ ਨੰ: 18341/2018 ਅਤੇ 6901/2018 ਪੈਂਡਿੰਗ ਹਨ। ਇਹਨਾਂ ਪਟੀਸ਼ਨਾਂ ਦੇ ਨਿਬੇੜੇ ਤੱਕ ਆਪਸ਼ਨ ਦੇ ਅਧਾਰ ਤੇ ਕੇਡਰਾਂ ਦੀ ਵੰਡ ਕਰਨਾ ਜਾਇਜ਼ ਨਹੀਂ ਹੈ।

ਦਰਖਾਸਤਕਰਤਾਵਾਂ ਵੱਲੋਂ ਦਿੱਤੀ ਗਈ ਇਹ ਦਲੀਲ ਮੰਨਣ ਯੋਗ ਨਹੀਂ ਹੈ ਕਿਉਂਕਿ ਕਰਮਚਾਰੀਆਂ ਨੂੰ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਆਪਸ਼ਨ ਦੇ ਅਧਾਰ ਤੇ ਦੂਸਰੇ ਕੇਡਰ ਵਿੱਚ ਬਦਲਿਆ ਗਿਆ ਹੈ ਅਤੇ ਜਿਸ ਕਰਮਚਾਰੀ ਦੀ ਬਦਲੀ ਦੂਸਰੇ ਕੇਡਰ ਵਿੱਚ ਹੋਵੇਗੀ ਉਸ ਦੀ ਇੰਟਰ-ਸੇ-ਸੀਨੀਆਰਤਾ ਨਿਰਧਾਰਿਤ ਹੋਣੀ ਬਣਦੀ ਹੈ।

**ਖ)** ਮਾਨਯੋਗ ਹਾਈਕੋਰਟ ਵੱਲੋਂ ਸੀਨੀਆਰਤਾ, ਲਿਸਟ-ਡੀ ਦੇ ਅਧਾਰ ਤੇ ਤਿਆਰ ਕਰਨ ਲਈ ਲਿਖਿਆ ਗਿਆ ਸੀ, ਪ੍ਰੰਤੂ ਇਸ ਦੰ ਤਰ ਵੱਲੋਂ ਸਾਲ-1975 ਤੋਂ ਸੀ-1 ਤੋਂ ਸੀਨੀਆਰਤਾ ਬਣਾਈ ਗਈ ਹੈ। ਪੰਜਾਬ ਪੁਲਿਸ ਰੂਲ ਦੇ ਨਿਯਮ 13.1 ਤੋਂ 13.15 ਤੱਕ ਨੂੰ ਲਾਗੂ ਨਹੀਂ ਕੀਤਾ ਗਿਆ ਅਤੇ ਰੂਲ 12.3 ਦੇ ਉਲਟ ਏ.ਐਸ.ਆਈ ਦੀਆਂ ਖਾਲੀ ਅਸਾਮੀਆਂ ਦੇ 25% ਕੋਟੇ ਤੋਂ ਵੱਧ ਪ੍ਰੋਬੇਸ਼ਨਰ ਏ.ਐਸ.ਆਈਜ਼. ਨੂੰ ਸੀਨੀਆਰਤਾ ਵਿੱਚ ਰੱਖਿਆ ਗਿਆ ਹੈ।

ਸੀ-2 ਦੇ 10% ਕੋਟੇ ਤੋਂ ਵੱਧ ਕੋਟੇ ਵਾਲੇ 295 ਸਪੋਰਟਸ ਪਰਸਨਜ਼ ਜਿਹਨਾਂ ਨੂੰ ਮਾਨਯੋਗ ਹਾਈਕੋਰਟ ਵੱਲੋਂ ਰਿਵਰਸ਼ਨ ਦੇ ਆਰਡਰ ਕੀਤੇ ਗਏ ਸਨ, ਨੂੰ ਬਿਨਾਂ ਕਿਸੇ ਮੈਰਿਟ ਤੋਂ 05.12.2003 ਤੋਂ ਰੀਅਪੁਆਇੰਟ ਕਰਕੇ ਰੱਖਿਆ ਗਿਆ ਹੈ। ਉਹਨਾਂ ਨੂੰ ਵੀ ਮਿਤੀ 05.12.2003 ਤੋਂ ਇੰਸਪੈਕਟਰ ਭਰਤੀ ਕੀਤੇ ਕਰਮਚਾਰੀਆਂ ਦੇ ਬਰਾਬਰ ਅਪਰ ਸਕੂਲ ਕੋਰਸ ਦੇ ਨਤੀਜੇ ਮੁਤਾਬਿਕ ਮਿਤੀ 05.12.2006 ਵਿੱਚ ਲਿਸਟ-ਐਫ ਵਿੱਚ ਦਰਜ ਕਰਕੇ ਉਹਨਾਂ ਤੋਂ ਅੱਗੇ ਲਗਾਇਆ ਜਾਵੇ ਅਤੇ ਬਣਦੀ ਸੀਨੀਆਰਤਾ ਮੁਤਾਬਿਕ ਡੀ.ਐਸ.ਪੀ ਰੈਂਕ ਦੀ ਤਰੱਕੀ ਕੀਤੀ ਜਾਵੇ।

ਆਰਮਡ ਕੇਡਰ ਦੇ ਡੀ.ਐਸ.ਪੀ/ਸੀ.ਆਰ. ਦੀਪਕ ਰਾਏ, ਭਾਗਵਾਨ ਸਿੰਘ, ਤੁਲਸੀ ਦਾਸ, ਰਮੇਸ ਚੰਦਰ ਅਤੇ ਮਨਜੀਤ ਸਿੰਘ ਵੱਲੋਂ ਉਪਰੋਕਤ ਇਤਰਾਜ਼ ਸੀਨੀਆਰਤਾ ਜਾਰੀ ਕਰਨ ਵੇਲੇ ਉਠਾਏ ਗਏ ਸਨ ਅਤੇ ਇਸ ਸਬੰਧੀ ਇਸ ਦੰ ਤਰ ਦੇ ਪੱਤਰ ਨੰਬਰ 13336-435/ਈ-1(2) ਮਿਤੀ 11.12.2017 ਰਾਹੀਂ ਪ੍ਰਤੀਬੇਨਤੀਕਰਤਾਵਾਂ ਨੂੰ ਨਿੱਜੀ ਤੌਰ ਤੇ ਸੁਣਨ ਉਪਰੰਤ ਮੂੰਹ ਬੋਲਦੇ ਹੁਕਮ ਮਿਤੀ 11.12.2017 ਜਾਰੀ ਕੀਤੇ ਗਏ ਸਨ। ਇਸ ਲਈ ਇਹਨਾਂ ਇਤਰਾਜ਼ਾਂ ਨੂੰ ਮੁੜ ਵਿਚਾਰਨ ਦੀ ਜ਼ਰੂਰਤ ਨਹੀਂ ਹੈ।

**ਗ**) ਆਰਮਡ ਕੇਡਰ ਵਿੱਚ ਤਾਇਨਾਤ ਕਰਮਚਾਰੀਆਂ ਨੂੰ ਆਰਮਡ ਕੇਡਰ ਵਿੱਚ ਰੱਖਿਆ ਜਾਵੇ ਅਤੇ ਜ਼ਿਲ੍ਹਾ ਕੇਡਰ ਦੇ ਕਰਮਚਾਰੀਆਂ ਜੋ ਕਦੇ ਆਰਮਡ ਕੇਡਰ ਵਿੱਚ ਨਹੀਂ ਰਹੇ ਨੂੰ ਆਰਮਡ ਕੇਡਰ ਵਿੱਚ ਨਾ ਪਾਇਆ ਜਾਵੇ।

ਸਿਵਲ ਰਿੱਟ ਪਟੀਸ਼ਨ ਨੰਬਰ 21095 ਵਿੱਚ ਪਟੀਸ਼ਨਰਜ ਵੱਲੋ ਸਾਲ 2016 ਵਿੱਚ ਤਿਆਰ ਕੀਤੀ ਸੀਨੀਆਰਤਾ ਨੂੰ ਚੈਲੇਂਜ ਕੀਤਾ ਹੈ। ਇਸ ਸਬੰਧੀ ਮਾਨਯੋਗ ਹਾਈ ਕੋਰਟ ਦੇ ਸਿਵਲ ਰਿੱਟ ਪਟੀਸ਼ਨ ਨੰਬਰ 21095 ਵਿੱਚ ਹੋਏ ਹੁਕਮਾਂ ਦੇ ਅਧਾਰ ਤੇ ਹੀ ਸਾਲ-2008 ਤੋਂ ਬਾਅਦ ਆਪਸ਼ਨ ਲੈ ਕੇ ਕਰਮਚਾਰੀਆਂ ਦੀ ਕੇਡਰ ਵਿੱਚ ਵੰਡ ਕੀਤੀ ਹੈ, ਜੋ ਕਿ ਬਿਲਕੁਲ ਸਹੀ ਹੈ।

7. **ਇਤਰਾਜ ਵੱਲੋਂ ਇੰਸः ਕੁਲਵੰਤ ਸਿੰਘ ਨੰः 989/ਪੀ.ਏ.ਪੀ, ਇੰਸः ਰਣਬੀਰ ਸਿੰਘ ਨੰः 1024/ਪੀ.ਏ.ਪੀ**

**ੳ**) ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਐਕਟ ਵਿੱਚ ਨੋਟੀਫਿਕੇਸ਼ਨ ਰਾਹੀਂ ਸੈਕਸ਼ਨ 4 (ਬੀ) ਵਿੱਚ ਸੋਧ ਕਰਕੇ ਇਹ ਉਪਬੰਧ ਦਰਜ ਕੀਤੇ ਗਏ ਹਨ ਕਿ ਜੋ ਕਰਮਚਾਰੀ ਐਸ.ਓ.ਜੀ. ਵਿੱਚ ਆਪਣੀ ਤਾਇਨਾਤੀ ਦਾ ਅਰਸਾ ਪੂਰਾ ਕਰ ਲੈਣਗੇ ਨੂੰ ਆਰਮਡ ਬਨਜ਼ ਤੋਂ ਜ਼ਿਲ੍ਹਾ ਕੇਡਰ ਵਿਖੇ ਤਬਦੀਲ ਕੀਤਾ ਜਾਵੇਗਾ ਅਤੇ ਸੀਨੀਆਰਤਾ ਵਿੱਚ ਸਭ ਤੋਂ ਹੇਠਾਂ ਲਗਾਇਆ ਜਾਵੇਗਾ। ਇਸੇ ਤਰ੍ਹਾਂ ਸਾਲ-2008 ਤੋਂ ਬਾਅਦ ਜ਼ਿਲ੍ਹਾ ਕੇਡਰ ਦੇ ਜਿਹੜੇ ਕਰਮਚਾਰੀਆਂ ਦੀ ਤਾਇਨਾਤੀ ਆਰਮਡ ਕੇਡਰ ਵਿੱਚ ਕੀਤੀ ਜਾਣੀ ਹੈ, ਨੂੰ ਵੀ ਆਰਮਡ ਕੇਡਰ ਦੇ ਕਰਮਚਾਰੀਆਂ ਤੋਂ ਹੇਠਾਂ ਲਗਾਇਆ ਜਾਵੇ।

ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 16.12.2014 ਵਿੱਚ ਦਰਸਾਇਆ ਹੈ ਕਿ ਪੰਜਾਬ ਪੁਲਿਸ ਰੂਲਜ਼, 1934 ਵਿੱਚ ਪੀ.ਏ.ਪੀ. ਕੋਈ ਵੱਖਰਾ ਕੇਡਰ ਨਹੀਂ ਹੈ। ਇਸ ਲਈ ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਤੋਂ ਪਹਿਲਾਂ ਜ਼ਿਲ੍ਹਾ ਅਤੇ ਪੀ.ਏ.ਪੀ. ਵਿੱਚ ਤਾਇਨਾਤ ਕਰਮਚਾਰੀਆਂ ਦੀਆਂ ਇੱਕ ਹੀ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਜਾਣ। ਇਸ ਲਈ ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਤੋਂ ਪਹਿਲਾਂ ਜ਼ਿਲ੍ਹਾ ਅਤੇ ਪੀ.ਏ.ਪੀ ਦੇ ਕਰਮਚਾਰੀਆਂ ਨੂੰ ਇੱਕ ਤੋਂ ਦੂਜੇ ਕੇਡਰ ਵਿੱਚ ਬਦਲਿਆ ਜਾ ਸਕਦਾ ਹੈ। ਜਿਹੜੇ ਕਰਮਚਾਰੀ ਮਿਤੀ 20.02.2008 ਤੋਂ ਬਾਅਦ ਇੱਕ ਕੇਡਰ ਤੋਂ ਦੂਜੇ ਕੇਡਰ ਵਿੱਚ ਬਦਲ ਕੇ ਜਾਣਗੇ, ਪੰਜਾਬ ਪੁਲਿਸ ਐਕਟ ਦੀ ਧਾਰਾ 4(ਬੀ) ਉਹਨਾਂ ਤੇ ਲਾਗੂ ਹੋਵੇਗੀ।

**ਅ**) 2008 ਤੋਂ ਲੈ ਕੇ ਹੁਣ ਤੱਕ ਖਾਲੀ ਪੋਸਟਾਂ ਦਾ ਬਿਓਰਾ ਸਭ ਦੇ ਸਾਹਮਣੇ ਆ ਗਿਆ ਹੈ। ਕਦੇ ਵੀ ਸਾਹਮਣੇ ਦਿਖਾਈ ਦਿੰਦੀ ਵਸਤੂ ਦੀ ਆਪਸ਼ਨ ਲੈਣੀ ਇੰਨਸਾਫ ਨਹੀਂ ਕਰ ਸਕਦੀ।

ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮਿਤੀ 20.02.2008 ਤੋਂ ਪਹਿਲਾਂ ਪੁਲਿਸ ਵਿਭਾਗ ਵਿੱਚ ਕਰਮਚਾਰੀਆਂ ਦੀ ਇੱਕ ਸੀਨੀਆਰਤਾ ਤਿਆਰ ਕੀਤੀ ਜਾਣੀ ਹੈ ਅਤੇ ਪੰਜਾਬ ਪੁਲਿਸ ਐਕਟ, 2007 ਹੋਂਦ ਵਿੱਚ ਆਉਣ ਉਪਰੰਤ ਮਿਤੀ 20.02.2008 ਤੋਂ ਬਾਅਦ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਦੀਆਂ ਅਲੱਗ-2 ਸੀਨੀਆਰਤਾ ਸੂਚੀਆਂ ਤਿਆਰ ਕਰਨੀਆਂ ਹਨ। ਇਸ ਲਈ ਕਰਮਚਾਰੀਆਂ ਵੱਲੋਂ ਆਪਸ਼ਨਾਂ ਮਿਤੀ 20.02.2008 ਤੋਂ ਮੰਗੀਆਂ ਗਈਆਂ ਹਨ।

**ੲ**) ਡੀ.ਜੀ.ਪੀ/ਪ੍ਰਸ਼ਾਸਨ ਜੀ ਵੱਲੋਂ ਪੀ.ਏ.ਪੀ. ਦੇ ਕਰਮਚਾਰੀਆਂ ਨੂੰ ਆਸ਼ਵਾਸਨ ਦਿੱਤਾ ਗਿਆ ਸੀ ਕਿ ਉਹਨਾਂ ਨਾਲ ਬੇਇੰਨਸਾਫੀ ਨਹੀਂ ਹੋਵੇਗੀ। ਹੁਣ ਜੋ ਲਿਸਟਾਂ ਜਾਰੀ ਕੀਤੀਆਂ ਗਈਆਂ ਹਨ। ਉਹਨਾਂ ਅਨੁਸਾਰ 91 ਬੈਚ ਦੇ 39,

1992 ਬੈਚ ਦੇ 48 ਅਤੇ 93 ਬੈਚ ਦੇ 20 ਕਰਮਚਾਰੀਆਂ ਨੇ ਆਰਮਡ ਕੇਡਰ ਦੀ ਆਪਸ਼ਨ ਦਿੱਤੀ ਹੈ, ਜਦੋਂਕਿ 150 ਦੇ ਕਰੀਬ ਕਰਮਚਾਰੀਆਂ ਨੂੰ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਗਿਆ ਹੈ ਜੋ ਕਿ ਪੀ.ਏ.ਪੀ. ਦੇ ਕਰਮਚਾਰੀਆਂ ਨਾਲ ਇੰਨਸਾਫ ਨਹੀਂ ਹੈ। ਉਸਦੀ ਨੌਕਰੀ 37 ਸਾਲ ਹੋ ਚੁੱਕੀ ਹੈ। ਉਹ ਸੀਨੀਆਰਤਾ ਰਿਵਾਇਜਡ ਹੋਣ ਕਾਰਣ ਪਹਿਲਾਂ ਹੀ ਕਾਫੀ ਪਿੱਛੇ ਜਾ ਚੁੱਕਾ ਹੈ। ਪਹਿਲਾਂ ਉਸਨੂੰ 2011 ਵਿੱਚ ਲਿਸਟ-ਐਫ ਦਿੱਤੀ ਸੀ ਫਿਰ 2013 ਵਿੱਚ ਅਤੇ ਹੁਣ 2016 ਵਿੱਚ ਲਿਸਟ-ਐਫ ਦਿੱਤੀ ਜਾਵੇਗੀ ਜਿਸ ਨਾਲ ਉਹ ਭਵਿੱਖ ਵਿੱਚ ਡੀ.ਐਸ.ਪੀ ਨਹੀਂ ਬਣ ਸਕੇਗਾ। ਜ਼ਿਲ੍ਹਾ ਕੇਡਰ ਦੇ ਜੋ ਕਰਮਚਾਰੀ ਵੰਡ ਕਰਦੇ ਸਮੇਂ ਆਰਮਡ ਵਿੰਗ ਵਿੱਚ ਸ਼ਾਮਲ ਕੀਤੇ ਗਏ ਹਨ ਨੂੰ ਆਰਮਡ ਕੇਡਰ ਦੀ ਸੀਨੀਆਰਤਾ ਵਿੱਚ ਸ਼ਾਮਲ ਨਾ ਕੀਤਾ ਜਾਵੇ।

ਸਿਵਲ ਰਿੱਟ ਪਟੀਸ਼ਨ ਨੰਬਰ 21095 ਵਿੱਚ ਪਟੀਸ਼ਨਰਜ ਵੱਲੋਂ ਸਾਲ-2016 ਵਿੱਚ ਤਿਆਰ ਕੀਤੀ ਸੀਨੀਆਰਤਾ ਨੂੰ ਚੈਲੇਂਜ ਕੀਤਾ ਹੈ। ਇਸ ਸਬੰਧੀ ਮਾਨਯੋਗ ਹਾਈ ਕੋਰਟ ਦੇ ਸਿਵਲ ਰਿੱਟ ਪਟੀਸ਼ਨ ਨੰਬਰ 21095 ਵਿੱਚ ਹੋਏ ਹੁਕਮਾਂ ਦੇ ਅਧਾਰ ਤੇ ਹੀ ਸਾਲ-2008 ਤੋਂ ਬਾਅਦ ਆਪਸ਼ਨ ਲੈ ਕੇ ਕਰਮਚਾਰੀਆਂ ਦੀ ਕੇਡਰ ਵਿੱਚ ਵੰਡ ਕੀਤੀ ਹੈ।

ਇਸ ਤੋਂ ਪਹਿਲਾਂ ਸਾਲ-2016 ਵਿੱਚ ਵੀ ਸੀਨੀਆਰਤਾ ਸੂਚੀਆਂ ਤਿਆਰ ਕੀਤੀਆਂ ਗਈਆਂ ਸਨ। ਇਸ ਅਨੁਸਾਰ ਜਿਹੜੇ ਆਰਮਡ ਕੇਡਰ ਦੇ ਕਰਮਚਾਰੀਆਂ ਦੀ ਸੀਨੀਆਰਤਾ ਮੁੜ ਰਿਵਾਇਜ਼ ਹੋਣ ਕਾਰਣ ਰਿਵਰਸ਼ਨ ਬਣਦੀ ਸੀ ਉਹਨਾਂ ਨੂੰ ਐਕਸ ਕੇਡਰ ਪੋਸਟਾਂ ਅਤੇ ਤਨਖਾਹ ਪ੍ਰੋਟੈਕਟ ਕਰਨ ਸਬੰਧੀ ਤਜਵੀਜ ਸਰਕਾਰ ਨੂੰ ਭੇਜੀ ਗਈ ਸੀ ਅਤੇ ਸਰਕਾਰ ਵੱਲੋਂ ਜਨਰਲ ਡਿਊਟੀ ਦੇ 46/ਡੀ.ਐਸ.ਪੀ, 18/ਇੰਸਪੈਕਟਰ ਅਤੇ ਖਿਡਾਰੀ ਕਰਮਚਾਰੀਆਂ ਦੇ 4/ਐਸ.ਪੀ, 18/ਡੀ.ਐਸ.ਪੀ, 11/ਇੰਸਪੈਕਟਰ ਅਤੇ 8/ਐਸ.ਆਈ (ਕੁੱਲ 64+41=105) ਅਸਾਮੀਆਂ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ।

**8. ਇਤਰਾਜ ਵੱਲੋਂ ਇੰਸ: ਸਮਰਪਾਲ ਸਿੰਘ, 237/ਪੀ.ਆਰ**

**ੳ**) ਜੇਕਰ ਦੰ ਤਰ ਵੱਲੋਂ ਪ੍ਰਬੰਧਕੀ ਅਧਾਰ ਤੇ ਕਰਮਚਾਰੀਆਂ ਨੂੰ ਐਡਜਸਟ ਕੀਤਾ ਜਾਣਾ ਸੀ ਤਾਂ ਆਪਸ਼ਨਾਂ ਮੰਗਣ ਦੀ ਕੋਈ ਜ਼ਰੂਰਤ ਨਹੀਂ ਸੀ।

ਜਿਹਨਾਂ ਕਰਮਚਾਰੀਆਂ ਵੱਲੋਂ ਆਪਸ਼ਨ ਦਿੱਤੀ ਗਈ ਹੈ, ਉਹਨਾਂ ਨੂੰ ਉਹਨਾਂ ਦੀ ਆਪਸ਼ਨ ਅਨੁਸਾਰ ਹੀ ਕੇਡਰ ਦਿੱਤਾ ਗਿਆ ਹੈ। ਜਿਹਨਾਂ ਕਰਮਚਾਰੀਆਂ ਵੱਲੋਂ ਆਪਸ਼ਨ ਨਹੀਂ ਦਿੱਤੀ ਗਈ, ਉਹਨਾਂ ਨੂੰ ਪ੍ਰਬੰਧਕੀ ਆਧਾਰ ਤੇ ਕੇਡਰ ਦੀ ਅਲਾਟਮੈਂਟ ਕੀਤੀ ਗਈ ਹੈ।

**ਅ**) ਜੇਕਰ ਉਸਤੋਂ ਉਪਰ ਆਰਮਡ ਕੇਡਰ ਵਿੱਚ ਪ੍ਰਬੰਧਕੀ ਅਧਾਰ ਤੇ ਸ਼ਾਮਲ ਕੀਤੇ 31 ਕਰਮਚਾਰੀਆਂ ਸਬੰਧੀ ਫੈਸਲਾ ਨਹੀਂ ਬਦਲਿਆ ਜਾਂਦਾ ਤਾਂ ਉਹ ਨਵੇਂ ਸਿਰੇ ਤੋਂ ਆਪਣੀ ਆਪਸ਼ਨ ਦੇਣੀ ਚਾਹੁੰਦਾ ਹੈ।

ਆਪਸ਼ਨ ਪ੍ਰਾਪਤ ਹੋਣ ਤੇ ਕਰਮਚਾਰੀਆਂ ਵੱਲੋਂ ਦਿੱਤੀਆਂ ਆਪਸ਼ਨਾਂ ਅਨੁਸਾਰ ਜ਼ਿਲ੍ਹਾ ਕੇਡਰ ਅਤੇ ਆਰਮਡ ਕੇਡਰ ਵਿੱਚ ਵੰਡ ਕੀਤੀ ਗਈ ਸੀ। ਜਿਹੜੇ ਸਾਲ-1991 ਅਤੇ 1992 ਬੈਚ ਦੇ ਪ੍ਰੋ/ਏ.ਐਸ.ਆਈਜ਼ ਵੱਲੋਂ ਆਪਸ਼ਨ ਨਹੀਂ ਦਿੱਤੀ ਗਈ ਸੀ, ਉਹਨਾਂ ਵਿੱਚੋਂ 31 ਕਰਮਚਾਰੀਆਂ ਨੂੰ ਪ੍ਰਬੰਧਕੀ ਆਧਾਰ ਤੇ ਆਰਮਡ ਕੇਡਰ ਵਿੱਚ ਸ਼ਾਮਲ ਕੀਤਾ ਗਿਆ ਹੈ। ਆਪਸ਼ਨ ਦੇਣ ਸਬੰਧੀ ਮੰਗੇ ਗਏ ਪੱਤਰ ਵਿੱਚ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਉਹਨਾਂ ਵੱਲੋਂ ਦਿੱਤੀ ਗਈ ਆਪਸ਼ਨ ਅੰਤਿਮ ਹੋਵੇਗੀ, ਇਸ ਲਈ ਕਰਮਚਾਰੀ ਦਾ ਕਲੇਮ ਦਾਖਲ ਦੰ ਤਰ ਕੀਤਾ ਜਾਂਦਾ ਹੈ।

**9. ਇਤਰਾਜ ਵੱਲੋਂ ਇੰਸ: ਹਰਸਿਮਰਨ ਸਿੰਘ ਨੰ: 69/ਜੇ.ਆਰ** : ਕਰਮਚਾਰੀ ਵੱਲੋਂ ਲਿਖਿਆ ਗਿਆ ਹੈ ਉਹ ਮਿਤੀ 05.02.2015 ਤੱਕ ਇੰਨੈਲੀਜੈਂਸ ਵਿਭਾਗ ਵਿੱਚ ਤਾਇਨਾਤ ਰਿਹਾ ਹੈ। ਸਾਲ-2010 ਵਿਚ ਬਤੌਰ ਡੀ.ਐਸ.ਪੀ. ਤਰੱਕੀ ਲਈ ਸਰਕਾਰ ਨੇ ਜ਼ਿਲ੍ਹਾ ਪੁਲਿਸ ਲਈ 60, ਪੀ.ਏ.ਪੀ ਲਈ 24, ਇੰਟੈਲੀਜੈਂਸ ਲਈ 8 ਅਤੇ ਵਾਇਰਲੈਸ ਵਿਭਾਗ ਲਈ 8 ਦਾ ਕੋਟਾ ਨਿਰਧਾਰਿਤ ਕੀਤਾ ਗਿਆ ਹੈ। ਉਸ ਵੱਲੋਂ ਪੀ.ਏ.ਪੀ. ਦੀ ਆਪਸ਼ਨ ਦਿੱਤੀ ਗਈ ਹੈ, ਪ੍ਰੰਤੂ ਉਹ ਇੰਟੈਲੀਜੈਂਸ ਵਿਭਾਗ ਵਿੱਚ ਤਾਇਨਾਤ ਰਿਹਾ ਹੈ। ਉਸਨੇ ਲਿਖਿਆ ਹੈ ਕਿ ਉਸਨੂੰ ਡੀ.ਐਸ.ਪੀ. ਇੰਟੈਲੀਜੈਂਸ ਕੇਡਰ ਦੇ ਕੋਟੇ ਵਿੱਚ ਤਰੱਕੀਯਾਬ ਕੀਤਾ ਜਾਵੇ।

ਪੰਜਾਬ ਪੁਲਿਸ ਸਰਵਿਸ ਰੂਲਜ਼, 1959 ਅਨੁਸਾਰ ਡੀ.ਐਸ.ਪੀ. ਤਰੱਕੀ ਰਾਹੀਂ ਭਰੀ ਜਾਣ ਵਾਲੀਆਂ ਅਸਾਮੀਆਂ ਜ਼ਿਲ੍ਹਾ ਕੇਡਰ, ਆਰਮਡ ਕੇਡਰ, ਇੰਟੈਲੀਜੈਂਸ ਅਤੇ ਆਈ.ਟੀ ਐਂਡ ਟੀ ਵਿੰਗ ਵਿੱਚ 60:24:8:8 ਦੇ ਅਨੁਪਾਤ ਰਾਹੀਂ ਭਰੀਆ ਜਾਂਦੀਆਂ ਹਨ। ਪ੍ਰਾਰਥੀ ਦੀ ਪ੍ਰਤੀਬੇਨਤੀ ਤੇ ਕੋਈ ਕਾਰਵਾਈ ਨਹੀਂ ਕਰਨੀ ਬਣਦੀ।

**10.ਇਤਰਾਜ ਵੱਲੋਂ ਇੰਸ: ਪਰਮਜੀਤ ਸਿੰਘ ਨੰ: 411/ਬੀ.ਆਰ :** ਕਰਮਚਾਰੀ ਵੱਲੋਂ ਲਿਖਿਆ ਹੈ ਕਿ ਉਹ ਮਿਤੀ 17.03.1993 ਦਾ ਪ੍ਰੋਬੇਸ਼ਨਰ ਏ.ਐਸ.ਆਈ. ਭਰਤੀ ਹੈ। ਉਸਨੇ ਆਰਮਡ ਕੇਡਰ ਦੀ ਸੀਨੀਆਰਤਾ ਸਬੰਧੀ ਆਪਸ਼ਨ ਦਿੱਤੀ ਸੀ। ਪ੍ਰੋਬੇਸ਼ਨਰ ਏ.ਐਸ.ਆਈ ਸੰਜੀਵ ਕੁਮਾਰ ਨੰ: 148/ਐਫ.ਆਰ.ਟੀ ਮਿਤੀ 20.05.1993 ਨੂੰ ਭਰਤੀ ਹੋਇਆ ਸੀ ਜੋ ਪੀ.ਏ.ਪੀ. ਦੀ ਲਿਸਟ ਵਿੱਚ ਉਸਤੋਂ ਉਪਰ ਦਿਖਾਇਆ ਗਿਆ ਹੈ। ਉਸਨੇ ਸੀਨੀਆਰਤਾ ਠੀਕ ਕਰਨ ਦੀ ਬੇਨਤੀ ਕੀਤੀ ਹੈ।

ਸਾਲ-1992 ਵਿੱਚ ਪ੍ਰੋ/ਏ.ਐਸ.ਆਈ ਭਰਤੀ ਕੀਤੇ ਗਏ ਸਨ ਅਤੇ ਸੰਜੀਵ ਕੁਮਾਰ ਨੰ: 148/ਐਫ.ਆਰ.ਟੀ ਦਾ ਨਾਮ ਵੇਟਿੰਗ ਲਿਸਟ ਵਿੱਚ ਸੀ। ਏ.ਐਸ.ਆਈ ਦੀ ਸੀਨੀਆਰਤਾ ਸੂਚੀ ਜਾਰੀ ਕਰਨ ਸਮੇਂ ਵੇਟਿੰਗ ਲਿਸਟ ਵਾਲੇ ਕਰਮਚਾਰੀ ਨੂੰ ਆਪਣੇ ਬੈਚ ਦੇ ਨਾਲ ਹੀ ਸੀਨੀਆਰਤਾ ਦਿੱਤੀ ਗਈ ਸੀ। ਜਦੋਂਕਿ ਪ੍ਰੋ/ਏ.ਐਸ.ਆਈ ਪਰਮਜੀਤ ਸਿੰਘ ਨੰ: 411/ਬੀ.ਆਰ ਪੀ.ਐਲ.ਆਈ. ਅਧੀਨ ਭਰਤੀ ਅਤੇ ਉਸਨੂੰ ਮਿਤੀ 11.02.1993 ਤੋਂ ਏ.ਐਸ.ਆਈ. ਭਰਤੀ ਕਰਨ ਲਈ ਐਲੋਕੇਟ ਕੀਤਾ ਗਿਆ ਹੈ। ਜਿਸ ਅਨੁਸਾਰ ਇਸਨੂੰ ਮਿਤੀ 11.02.1993 ਤੋਂ ਸੀਨੀਆਰਤਾ ਦਿੱਤੀ ਗਈ ਹੈ। ਕਰਮਚਾਰੀ ਦਾ ਕਲੇਮ ਦਾਖਲ ਦਫ਼ਤਰ ਕੀਤਾ ਜਾਂਦਾ ਹੈ।

**11.ਇਤਰਾਜ ਵੱਲੋਂ ਰਿਟਾ: ਐਸ.ਆਈ. ਬਲਬੀਰ ਸਿੰਘ ਨੰ: 664/ਬੀ.ਆਰ :** ਕਰਮਚਾਰੀ ਵੱਲੋਂ ਲਿਖਿਆ ਹੈ ਕਿ ਐਸ.ਆਈ ਬਲਬੀਰ ਸਿੰਘ ਨੰ: 2147/ਅੰਮ੍ਰਿ: (554/ਬੀ.ਆਰ) ਅਤੇ ਇੰਸ: ਭਗਵੰਤ ਸਿੰਘ ਨੰ: 154/ਪੀ.ਏ.ਪੀ (925/ਬੀ.ਆਰ), ਜੋ ਕਿ ਲੋਅਰ ਸਕੂਲ ਕੋਰਸ ਵਿੱਚ ਉਸਦੇ ਬੈਚਮੇਟ ਸਨ, ਨੂੰ ਇਸ ਦਫ਼ਤਰ ਵੱਲੋਂ ਸਾਲ-2005 ਤੋਂ ਇੰਸਪੈਕਟਰ ਬਣਾਇਆ ਗਿਆ ਹੈ। ਏ.ਐਸ.ਆਈ ਕੁਲਦੀਪ ਸਿੰਘ ਨੰ: 658/ਬੀ.ਆਰ ਨੂੰ ਏ.ਐਸ.ਆਈ ਤੋਂ 4 ਸਾਲ ਬਾਅਦ ਐਸ.ਆਈ ਬਣਾਇਆ ਗਿਆ ਹੈ ਅਤੇ ਐਸ.ਆਈ ਤੋਂ 10 ਸਾਲ ਬਾਅਦ ਇੰਸਪੈਕਟਰ ਬਣਾਇਆ ਗਿਆ ਹੈ ਜਦੋਂਕਿ ਉਸਨੂੰ ਏ.ਐਸ.ਆਈ. ਤੋਂ ਕਰੀਬ 10 ਸਾਲ ਬਾਅਦ ਐਸ.ਆਈ. ਬਣਾਇਆ ਗਿਆ ਹੈ। ਉਸਨੇ ਲਿਖਿਆ ਹੈ ਕਿ ਉਸਨੂੰ ਵੀ 4 ਸਾਲ ਬਾਅਦ ਮਿਤੀ 22.11.2006 ਤੋਂ ਇੰਸਪੈਕਟਰ ਬਣਾਇਆ ਜਾਵੇ।

ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਮੁੱਖ ਸਿਪਾਹੀ ਦੀ ਸੀਨੀਆਰਤਾ ਲਿਸਟ ਸੀ-1 ਦੇ ਅਧਾਰ ਤੇ 1975 ਤੋਂ ਤਿਆਰ ਕੀਤੀ ਗਈ ਹੈ। ਕੁਲਦੀਪ ਸਿੰਘ ਨੰ: 658/ਬੀ.ਆਰ ਅਤੇ ਬਲਬੀਰ ਸਿੰਘ ਨੰ: 554/ਬੀ.ਆਰ ਮਿਤੀ 01.04.1979 ਅਤੇ 01.10.1979 ਕ੍ਰਮਵਾਰ ਲਿਸਟ ਸੀ-1 ਤੇ ਦਰਜ ਹਨ ਅਤੇ ਇਹਨਾਂ ਨੂੰ ਮਿਤੀ 11.08.1993 ਅਤੇ 09.03.1994 ਐਸ.ਆਈ. ਰਿਵਾਇਜਡ ਮਿਤੀ ਦਿੱਤੀ ਗਈ ਹੈ। ਭਗਵੰਤ ਸਿੰਘ ਨੰ: 154/ਪੀ.ਏ.ਪੀ ਅਤੇ ਦਰਖਾਸਤਕਰਤਾ ਮਿਤੀ 01.04.1981 ਤੋਂ ਲਿਸਟ ਸੀ-1 ਤੇ ਦਰਜ ਹਨ, ਨੂੰ ਮਿਤੀ 20.03.2001 ਅਤੇ 22.11.2002 ਅਨੁਸਾਰ ਐਸ.ਆਈ. ਦੀ ਰਿਵਾਇਜਡ ਮਿਤੀ ਦਿੱਤੀ ਗਈ ਹੈ।। ਰਿਵਾਇਜ਼ਡ ਸੀਨੀਆਰਤਾ ਵਿੱਚ ਬਲਬੀਰ ਸਿੰਘ ਨੰ: 664/ਬੀ.ਆਰ ਇਹਨਾਂ ਤੋਂ ਜੂਨੀਅਰ ਹੈ। ਜਿਸ ਅਨੁਸਾਰ ਕਰਮਚਾਰੀ ਦਾ ਇਤਰਾਜ਼ ਦਾਖਲ ਦਫ਼ਤਰ ਕੀਤਾ ਜਾਂਦਾ ਹੈ।

ਇਹ ਸਪੀਕਿੰਗ ਆਰਡਰ ਡੀ.ਜੀ.ਪੀ/ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

ਇਹਨਾਂ ਹੁਕਮਾਂ ਦੀ ਇੱਕ ਕਾਪੀ ਸਬੰਧਤ ਕਰਮਚਾਰੀ ਨੂੰ ਉਸਦੇ ਹਸਤਾਖਰਾਂ ਹੇਠ ਮੁਹੱਈਆ ਕਰਵਾਈ ਜਾਵੇ ਜੀ।

ਸੁਪਰਡੰਟ/ਅਮਲਾ-1
ਵਾ: ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ:10461-560 /ਈ-1(3), ਮਿਤੀ : 27/8/18

ਉਪਰੋਕਤ ਦਾ ਉਤਾਰਾ ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁੱਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ/ਅਮਲਾ-1
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।

ਨੰਬਰ: 10561 /ਈ-1(3), ਮਿਤੀ : 27/8/18

ਉਪਰੋਕਤ ਦਾ ਉਤਾਰਾ ਇੰਚਾਰਜ, ਪੰਜਾਬ ਪੁਲਿਸ ਵੈਬਸਾਈਟ ਨੂੰ ਪੰਜਾਬ ਪੁਲਿਸ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਸੁਪਰਡੰਟ/ਅਮਲਾ-1
ਵਾ:ਡਾਇਰੈਕਟਰ ਜਨਰਲ ਪੁਲਿਸ, ਪੰਜਾਬ।